ਸ਼ਿਕਾਗੋ, ਅਮਰੀਕਾ ਤੋਂ ਪ੍ਰਕਾਸ਼ਿਤ

ਲੋਕ ਸਾਂਝ

ਲੋਕਾਂ ਦੀ ਗੱਲ, ਲੋਕਾਂ ਦੇ ਨਾਲ

ਬੁੱਧਵਾਰ, 11/04/2026 | 21 ਕੱਤਕ 558 | ਸਾਲ 1 | ਅੰਕ 43 | ਰੋਜ਼ਾਨਾ ਪੰਜਾਬੀ ਅਖਬਾਰ | www.loksanjh.com









ਸੋਨਾ $4,034.30 ▲2.38% | ਚਾਂਦੀ $51.75 ▲4.01% | ਕੱਚਾ ਤੇਲ $96.56 ▲0.49% ਨਿਰਪੱਖ ਖ਼ਬਰਾਂ • ਭਾਈਚਾਰੇ ਦੀ ਆਵਾਜ਼ Nasdaq 25,372 ▲0.83% | S&P 500 7,569 ▲0.36% | USD/INR ₹94.84 ▲0.11% | US 10Y

ਖ਼ਾਸ ਖ਼ਬਰ

ਸਿੱਖ ਰਿਲੀਜੀਅਸ ਸੋਸਾਇਟੀ ਪੈਲਾਟਾਈਨ ਵਿਖੇ ਬੀਬੀ ਬਲਜੀਤ ਕੌਰ ਖ਼ਾਲਸਾ ਜੀ ਦਾ ਕੀਰਤਨ ਦਰਬਾਰ



ਬੀਬੀ ਬਲਜੀਤ ਕੌਰ ਖ਼ਾਲਸਾ ਜੀ ਕੀਰਤਨ ਕਰਦੇ ਹੋਏ

ਪੈਲਾਟਾਈਨ (ਲੋਕ ਸਾਂਝ): ਸਿੱਖ ਰਿਲੀਜੀਅਸ ਸੋਸਾਇਟੀ (Sikh Religious Society), ਪੈਲਾਟਾਈਨ ਵਿਖੇ ਸੰਗਤਾਂ ਲਈ ਵਿਸ਼ੇਸ਼ ਕੀਰਤਨ ਸਮਾਗਮ ਉਲੀਕੇ ਗਏ ਹਨ, ਜਿਸ ਵਿੱਚ ਉੱਘੇ ਕੀਰਤਨੀਏ ਬੀਬੀ ਬਲਜੀਤ ਕੌਰ ਖ਼ਾਲਸਾ ਜੀ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕਰਨਗੇ।

ਪੰਜਾਬ

ਮਾਸਟਰ ਮੋਹਨ ਲਾਲ ਦੇ ਪਾਰਟੀ ਬਦਲਣ ਦੀਆਂ ਚਰਚਾਵਾਂ ਦਾ ਪੁੱਤਰ ਨੇ ਕੀਤਾ ਖੰਡਨ, ਬੋਲੇ- ਸੱਚ ਨਹੀਂ

ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਮਾਸਟਰ ਮੋਹਨ ਲਾਲ ਵੱਲੋਂ ਭਾਜਪਾ ਦੀ ਮੁੱਢਲੀ

ਮਾਸਟਰ ਮੋਹਨ ਲਾਲ ਦੇ ਪਾਰਟੀ ਬਦਲਣ ਦੀਆਂ ਚਰਚਾਵਾਂ ਦਾ ਪੁੱਤਰ ਨੇ ਕੀਤਾ ਖੰਡਨ, ਬੋਲੇ- ਸੱਚ ਨਹੀਂ (ਜਾਰੀ)

ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਅਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦੀ ਅਫ਼ਵਾਹ ਨਾਲ ਸਿਆਸੀ ਹਲਕਿਆਂ ਵਿੱਚ ਚਰਚਾ ਛਿੜ ਗਈ।

ਡਾ. ਪੁਨੀਤ ਸ਼ਰਮਾ ਨੇ ਦੱਸਿਆ ਕਿ ਮੰਗਲਵਾਰ ਸਵੇਰ ਤੋਂ ਹੀ ਪੰਜਾਬ ਅਤੇ ਦਿੱਲੀ ਤੋਂ ਸਮਰਥਕਾਂ ਅਤੇ ਜਾਣਕਾਰਾਂ ਦੇ ਲਗਾਤਾਰ ਫੋਨ ਆ ਰਹੇ ਸਨ। ਉਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਦੇ ਆਪਣੇ ਫੋਨ 'ਤੇ ਵੀ ਇਹੀ ਪੁੱਛਿਆ ਜਾ ਰਿਹਾ ਸੀ ਕਿ ਕੀ ਮਾਸਟਰ ਮੋਹਨ ਲਾਲ ਆਮ ਆਦਮੀ ਪਾਰਟੀ ਦਾ ਪੱਲਾ ਫੜਨ ਜਾ ਰਹੇ ਹਨ? ਇਸ 'ਤੇ ਸਥਿਤੀ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਖ਼ਬਰਾਂ ਵਿੱਚ ਰੱਤੀ ਭਰ ਵੀ ਸੱਚਾਈ ਨਹੀਂ ਹੈ।

ਅਫ਼ਵਾਹਾਂ ਪਿੱਛੇ ਦੀ ਮਨਸ਼ਾ 'ਤੇ ਸਵਾਲ ਚੁੱਕਦਿਆਂ ਡਾ. ਪੁਨੀਤ ਸ਼ਰਮਾ ਨੇ ਕਿਹਾ ਕਿ ਸ਼ਾਇਦ ਇਹ ਝੂਠੀ ਖ਼ਬਰ ਉਨ੍ਹਾਂ ਲੋਕਾਂ ਵੱਲੋਂ ਫੈਲਾਈ ਜਾ ਰਹੀ ਹੈ, ਜਿਨ੍ਹਾਂ ਨੂੰ ਇਹ ਸ਼ੱਕ ਜਾਂ ਡਰ ਸਤਾ ਰਿਹਾ ਹੈ ਕਿ ਉਨ੍ਹਾਂ ਦੀ ਟਿਕਟ ਕੱਟੀ ਜਾ ਸਕਦੀ ਹੈ ਜਾਂ ਉਨ੍ਹਾਂ ਨੂੰ ਟਿਕਟ ਨਹੀਂ ਮਿਲੇਗੀ। ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਅਜਿਹੀਆਂ ਘਟੀਆ ਹਰਕਤਾਂ ਕਰਨਾ ਬਹੁਤ ਛੋਟੀ ਸੋਚ ਦੀ ਨਿਸ਼ਾਨੀ ਹੈ। ਘੱਟੋ-ਘੱਟ ਅਜਿਹੀ ਰਾਜਨੀਤੀ ਵਿੱਚ ਮਾਸਟਰ ਮੋਹਨ ਲਾਲ ਵਰਗੇ ਸੀਨੀਅਰ ਆਗੂ ਦਾ ਨਾਂ ਤਾਂ ਨਾ ਘਸੀਟਿਆ ਜਾਵੇ।

60 ਸਾਲ ਜਿਸ ਪਾਰਟੀ ਨੂੰ ਮਾਂ ਵਾਂਗ ਮੰਨ ਕੇ ਸਾਂਭਿਆ, ਕੀ 82 ਸਾਲ ਦੀ ਉਮਰ ਵਿੱਚ ਉਸ ਨੂੰ ਛੱਡਣਗੇ?

ਡਾ. ਪੁਨੀਤ ਸ਼ਰਮਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਮਾਸਟਰ ਮੋਹਨ ਲਾਲ ਦੀ ਉਮਰ 82 ਸਾਲ ਹੋ ਚੁੱਕੀ ਹੈ ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 60 ਸੁਨਹਿਰੀ ਸਾਲ ਭਾਰਤੀ ਜਨਤਾ ਪਾਰਟੀ ਨੂੰ ਦਿੱਤੇ ਹਨ। ਜਿਸ ਪਾਰਟੀ ਨੂੰ ਉਨ੍ਹਾਂ ਨੇ ਆਪਣੇ ਖੂਨ-ਪਸੀਨੇ ਨਾਲ ਸਿੰਜਿਆ ਅਤੇ ਹਮੇਸ਼ਾ ਮਾਂ ਵਾਂਗ ਸਤਿਕਾਰ ਦਿੱਤਾ, ਕੀ ਉਹ ਇਸ ਉਮਰ ਵਿੱਚ ਉਸ ਪਾਰਟੀ ਨੂੰ ਛੱਡ ਦੇਣਗੇ? ਅਜਿਹਾ ਸੋਚਣਾ ਵੀ ਪੂਰੀ ਤਰ੍ਹਾਂ ਗ਼ਲਤ ਹੈ।

ਮਾਸਟਰ ਮੋਹਨ ਲਾਲ ਦੀ ਸਿਹਤ ਬਾਰੇ ਜਾਣਕਾਰੀ ਦਿੰਦਿਆਂ ਡਾ. ਪੁਨੀਤ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਸਿਹਤ ਠੀਕ ਰਹੇ, ਇਸ ਲਈ ਪੂਰਾ ਪਰਿਵਾਰ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਦਾ ਹਰ ਹਫ਼ਤੇ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਨਿਯਮਿਤ ਡਾਇਲਿਸਿਸ ਹੁੰਦਾ ਹੈ।

ਮਾਸਟਰ ਮੋਹਨ ਲਾਲ ਦੇ ਪਾਰਟੀ ਬਦਲਣ ਦੀਆਂ ਚਰਚਾਵਾਂ ਦਾ ਪੁੱਤਰ ਨੇ ਕੀਤਾ ਖੰਡਨ, ਬੋਲੇ- ਸੱਚ ਨਹੀਂ (ਜਾਰੀ)

ਉਨ੍ਹਾਂ ਦੱਸਿਆ ਕਿ ਮੰਗਲਵਾਰ ਨੂੰ ਵੀ ਹਸਪਤਾਲ ਵਿੱਚ ਉਨ੍ਹਾਂ ਦਾ ਡਾਇਲਿਸਿਸ ਚੱਲ ਰਿਹਾ ਸੀ, ਜਿਸ ਕਾਰਨ ਉਹ ਖੁਦ ਕੈਮਰੇ ਸਾਹਮਣੇ ਆ ਕੇ ਬਿਆਨ ਨਹੀਂ ਦੇ ਸਕੇ। ਇਸ ਲਈ ਪਰਿਵਾਰ ਵੱਲੋਂ ਉਨ੍ਹਾਂ ਨੇ ਖ਼ੁਦ ਸਾਹਮਣੇ ਆ ਕੇ ਇਨ੍ਹਾਂ ਝੂਠੀਆਂ ਖ਼ਬਰਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗੁੰਮਰਾਹਕੁੰਨ ਖ਼ਬਰਾਂ ਪਰਿਵਾਰ ਨੂੰ ਬਹੁਤ ਦੁਖੀ ਅਤੇ ਪਰੇਸ਼ਾਨ ਕਰਦੀਆਂ ਹਨ।

ਅੰਤ ਵਿੱਚ ਡਾ. ਪੁਨੀਤ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਮਾਸਟਰ ਮੋਹਨ ਲਾਲ ਹਰ ਰੋਜ਼ ਆਪਣੀਆਂ ਪ੍ਰਾਰਥਨਾਵਾਂ ਵਿੱਚ ਪਠਾਨਕੋਟ, ਪਠਾਨਕੋਟ ਜ਼ਿਲ੍ਹੇ ਅਤੇ ਪੂਰੇ ਪੰਜਾਬ ਦੇ ਲੋਕਾਂ ਦੀ ਸੁੱਖ-ਸਮ੍ਰਿੱਧੀ ਅਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਹਨ। ਪਠਾਨਕੋਟ ਦਾ ਹਰ ਵਸਨੀਕ ਖ਼ੁਸ਼ਹਾਲ ਅਤੇ ਸਿਹਤਮੰਦ ਰਹੇ, ਇਹੀ ਉਨ੍ਹਾਂ ਦੇ ਪਿਤਾ ਦਾ ਹਮੇਸ਼ਾ ਸੰਦੇਸ਼ ਰਿਹਾ ਹੈ। ਉਨ੍ਹਾਂ ਉਮੀਦ ਜਤਾਈ ਕਿ ਇਸ ਸਪੱਸ਼ਟੀਕਰਨ ਤੋਂ ਬਾਅਦ ਮਾਸਟਰ ਮੋਹਨ ਲਾਲ ਬਾਰੇ ਫੈਲਾਈਆਂ ਜਾ ਰਹੀਆਂ ਸਾਰੀਆਂ ਝੂਠੀਆਂ ਅਫ਼ਵਾਹਾਂ 'ਤੇ ਪੂਰੀ ਤਰ੍ਹਾਂ ਵਿਰਾਮ ਲੱਗ ਜਾਵੇਗਾ।

ਸਿਆਸਤ

8 ਲੱਖ ਮੁਲਾਜ਼ਮਾਂ ਨੂੰ 3 ਫੀਸਦੀ ਡੀਏ ਦੀ ਕਿਸ਼ਤ ਹੋਵੇਗੀ ਜਾਰੀ , ਸੀਐਮ ਮਾਨ ਦਾ ਵੱਡਾ ਐਲਾਨ, 2 ਮਹੀਨਿਆਂ 'ਚ 11% ਦਾ ਵਾਧਾ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਕੀਤੀ। ਉਨ੍ਹਾਂ ਨੇ ਸਰਕਾਰੀ ਮੁਲਾਜ਼ਮਾ ਲਈ ਵੱਡਾ ਐਲਾਨ ਕਰਦਿਆਂ ਡੀਏ ਦੀ 3 ਫੀਸਦੀ ਦੀ ਕਿਸ਼ਤ ਜਾਰੀ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਸਰਕਾਰ ਵੱਲੋਂ ਹੁਣ ਤੱਕ ਦਿੱਤੀਆਂ ਗਈਆਂ ਨੌਕਰੀਆਂ ਬਾਰੇ ਵੀ ਵਿਸਥਾਰ ਨਾਲ ਦੱਸਿਆ ਹੈ। ਨਾਲ ਹੀ ਸੀਐਮ ਨੇ ਹੋਰ ਵੀ ਕਈ ਅਹਿਮ ਮੁੱਦਿਆਂ ਤੇ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੱਤੇ।

ਪੰਜਾਬ ਸਰਕਾਰ ਨੇ ਸੂਬੇ ਦੇ 8 ਲੱਖ ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦੀ 3% ਕਿਸ਼ਤ ਜਾਰੀ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਆ ਦੇ ਰੂ-ਬ-ਰੂ ਹੁੰਦਿਆਂ ਦੱਸਿਆ ਸਰਕਾਰ ਵੱਲੋਂ ਮੁਲਾਜ਼ਮਾਂ ਲਈ ਦੀਵਾਲੀ ਗਿਫਟ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਸਾਰੇ ਮੁਲਾਜ਼ਮਾਂ ਲਈ ਡੀਏ ਦੀ 3 ਫੀਸਦੀ ਕਿਸ਼ਤ ਜਾਰੀ ਕਰਨ

8 ਲੱਖ ਮੁਲਾਜ਼ਮਾਂ ਨੂੰ 3 ਫੀਸਦੀ ਡੀਏ ਦੀ ਕਿਸ਼ਤ ਹੋਵੇਗੀ ਜਾਰੀ , ਸੀਐਮ ਮਾਨ ਦਾ ਵੱਡਾ ਐਲਾਨ, 2 ਮਹੀਨਿਆਂ 'ਚ 11% ਦਾ ਵਾਧਾ (ਜਾਰੀ)

ਦੀ ਘੋਸ਼ਣਾ ਕੀਤੀ। ਡੀਏ ਵਿੱਚ ਇਸ ਵਾਧੇ ਨਾਲ 8 ਲੱਖ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਲਾਭ ਮਿਲੇਗਾ। ਇਹ ਵਾਧਾ ਨਵੰਬਰ ਦੀ ਤਨਖਾਹ ਵਿੱਚ ਜੁੜੇਗਾ, ਜਦੋਂ ਕਿ ਦਸੰਬਰ ਵਿੱਚ ਮਿਲਣ ਵਾਲੀ ਪੈਨਸ਼ਨ ਵਿੱਚ ਵੀ ਵਧਿਆ ਹੋਇਆ ਡੀਏ ਸ਼ਾਮਲ ਹੋਵੇਗਾ।

ਉਨ੍ਹਾ ਨੇ ਕਿਹਾ ਕਿ ਬੀਤੇ 2 ਮਹੀਨਿਆਂ ਦੌਰਾਨ ਮੁਲਾਜ਼ਮਾਂ ਨੂੰ ਕੁੱਲ੍ਹ 11 ਫੀਸਦੀ ਦਾ ਡੀਏ ਜਾਰੀ ਕੀਤਾ ਜਾ ਚੁੱਕਾ ਹੈ। ਨਾਲ ਹੀ ਉਨ੍ਹਾਂ ਦੱਸਿਆ ਕਿ ਹੁਣ ਤੱਕ 71,777 ਨਵੀਆਂ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ 600 ਤੋਂ ਵੱਧ ਹੋਰ ਵੀ ਤਿਆਰ ਹਨ।

ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਦੀ ਸਰਕਾਰ ਨੇ 2022 ਵਿੱਚ ਸੱਤਾ ਸੰਭਾਲੀ ਸੀ, ਉਦੋਂ ਮੁਲਾਜ਼ਮਾਂ ਨੂੰ 28 ਫੀਸਦੀ ਡੀਏ ਮਿਲ ਰਿਹਾ ਸੀ, ਜਦੋਂਕਿ ਹੁਣ 53 ਫੀਸਦੀ ਡੀਏ ਮਿਲ ਰਿਹਾ ਹੈ। ਇੱਕ ਸਾਲ ਵਿੱਚ 1088 ਕਰੋੜ ਰੁਪਏ ਮੁਲਾਜ਼ਮਾਂ ਦੇ ਖਾਤਿਆਂ ਵਿੱਚ ਜਾਵੇਗਾ। ਇਸ ਵਾਧੇ ਨਾਲ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ 363 ਕਰੋੜ ਰੁਪਏ ਦਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਰਾਹਤ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਮੋਗਾ ਦੀ ਵਿਧਾਇਕ ਡਾ. ਅਮਨਦੀਪ ਅਰੋੜਾ ਦੇ ਘਰ ਤੇ ਈਡੀ ਦੀ ਰੇਡ ਤੇ ਸਵਾਲ ਪੁੱਛਣ ਤੇ ਸੀਐਮ ਮਾਨ ਨੇ ਕਿਹਾ ਕਿ ਉਹ ਆਉਂਦੀ ਰਹਿੰਦੀ ਹੈ। ਉਨ੍ਹਾਂ ਨੂੰ ਕੁਝ ਨਹੀਂ ਮਿਲੇਗਾ। ਉਨ੍ਹਾਂ ਦੇ ਆਉਣ ਦਾ ਮਤਲਬ ਇਹ ਹੈ ਕਿ ਚੋਣਾਂ ਆ ਗਈਆਂ ਹਨ। ਉਹ ਵੋਟਾਂ ਵੇਲ੍ਹੇ ਹੀ ਇਹ ਹਥਿਆਰ ਵਰਤਦੇ ਹਨ। ਉਹ ਜਿਨ੍ਹਾਂ ਚਾਹੁਣ ਉਨ੍ਹਾਂ ਕਰ ਲੈਣ, ਉਨ੍ਹਾਂ ਨੂੰ ਇੱਥੋਂ ਕੁਝ ਨਹੀਂ ਮਿਲਣ ਵਾਲਾ।

ਜਦੋਂਕਿ ਪਰਾਲੀ ਪ੍ਰਦੂਸ਼ਣ ਦੇ ਮੁੱਦੇ ਤੇ ਉਨ੍ਹਾਂ ਨੇ ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਦੇ ਆਰੋਪਾਂ ਤੇ ਤੰਜ ਕੱਸਦਿਆਂ ਕਿਹਾ ਕਿ ਹਾਲੇ ਤਾਂ ਜਿਆਦਾਤਰ ਝੋਨਾ ਵੱਢਿਆ ਹੀ ਨਹੀਂ ਗਿਆ ਹੈ, ਫਿਰ ਵੀ ਦਿੱਲੀ ਵਿੱਚ ਪ੍ਰਦੂਸ਼ਣ ਦਾ ਪੱਧਰ ਕਾਫੀ ਵਧਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿਰਸਾ ਸਾਹਿਬ ਨੂੰ ਤਾਂ ਸਭ ਕੁਝ ਪਤਾ ਹੈ। ਦਿੱਲੀ ਦੇ ਪ੍ਰਦੂਸ਼ਣ ਵਿੱਚ ਪੰਜਾਬ ਦਾ ਕੋਈ ਹੱਥ ਨਹੀਂ ਹੈ। ਬੱਸ ਪੰਜਾਬ ਨੂੰ ਬਦਨਾਮ ਕਰਨ ਦੀ ਸਾਜਿਸ਼ ਹੈ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਜਵਾਬ ਦੇਵੇ ਕਿ ਇਹ ਪ੍ਰਦੂਸ਼ਣ ਕਿੱਥੋਂ ਆ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸਫਲ ਰਹੀ ਹੈ। ਲਗਭਗ 2,000 ਲੋਕ ਯਾਤਰਾ ਕਰ ਰਹੇ ਹਨ।

ਮਨੋਰੰਜਨ ਵਿਸ਼ੇਸ਼

ਫ਼ਿਲਮੀ ਦੁਨੀਆ

ਸਿਨੇਮਾ, ਸਿਤਾਰੇ ਅਤੇ ਕਲਾਸਿਕ ਫ਼ਿਲਮਾਂ

ਨਾਇਕਾ ਪ੍ਰੋਫ਼ਾਈਲ

ਸੋਨਮ ਬਾਜਵਾ: ਏਅਰ ਹੋਸਟੈਸ ਤੋਂ ਪੰਜਾਬੀ ਪਰਦੇ ਦੀ ਸੁਪਰਸਟਾਰ ਤੱਕ

ਸੋਨਮਪ੍ਰੀਤ ਕੌਰ ਬਾਜਵਾ, ਜਿਸ ਨੂੰ ਦੁਨੀਆ ਸੋਨਮ ਬਾਜਵਾ ਦੇ ਨਾਂ ਨਾਲ ਜਾਣਦੀ ਹੈ, ਅੱਜ ਪੰਜਾਬੀ ਸਿਨੇਮਾ ਦੀ ਸਭ ਤੋਂ ਚਹੇਤੀ ਅਤੇ ਪ੍ਰਭਾਵਸ਼ਾਲੀ ਅਦਾਕਾਰਾ ਹੈ। ਉਸ ਦੀ ਬੇਮਿਸਾਲ ਖ਼ੂਬਸੂਰਤੀ, ਸਾਦਗੀ ਅਤੇ ਦਮਦਾਰ ਅਦਾਕਾਰੀ ਨੇ ਉਸ ਨੂੰ ਦੁਨੀਆ ਭਰ ਵਿੱਚ ਵਸਦੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣਾ ਦਿੱਤਾ ਹੈ। ਪੰਜਾਬ ਦੇ ਪਿੰਡਾਂ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟ੍ਰੇਲੀਆ ਤੱਕ ਉਸ ਦੀ ਫੈਨ ਫਾਲੋਇੰਗ ਬੇਮਿਸਾਲ ਹੈ। ਉਹ ਹਰ ਵਰਗ ਦੇ ਦਰਸ਼ਕਾਂ ਵਿੱਚ ਬੇਹੱਦ ਹਰਮਨਪਿਆਰੀ ਹੈ ਅਤੇ ਉਸ ਦੀ ਅਦਾਕਾਰੀ ਵਿੱਚ ਪੰਜਾਬੀਅਤ ਦੀ ਸੱਚੀ ਰੂਹ ਝਲਕਦੀ ਹੈ।

ਸੋਨਮ ਦਾ ਜਨਮ 16 ਅਗਸਤ 1989 ਨੂੰ ਉੱਤਰਾਖੰਡ ਦੇ ਨਾਨਕਮੱਤਾ ਕਸਬੇ ਵਿੱਚ ਇੱਕ ਪੰਜਾਬੀ ਸਿੱਖ ਪਰਿਵਾਰ ਵਿੱਚ ਹੋਇਆ। ਉਸ ਦੇ ਪਿਤਾ ਅਤੇ ਮਾਤਾ ਨੇ ਉਸ ਨੂੰ ਹਮੇਸ਼ਾ ਉੱਚੀ ਸਿੱਖਿਆ ਅਤੇ ਸੁਤੰਤਰ ਸੋਚ ਲਈ ਉਤਸ਼ਾਹਿਤ ਕੀਤਾ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਜੈਸਸ ਐਂਡ ਮੈਰੀ ਕਾਨਵੈਂਟ ਸਕੂਲ ਰੁਦਰਪੁਰ ਤੋਂ ਕੀਤੀ ਅਤੇ ਬਾਅਦ ਵਿੱਚ ਦਿੱਲੀ ਯੂਨੀਵਰਸਿਟੀ ਦੇ ਵੱਕਾਰੀ ਕਾਲਜ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ। ਕਾਲਜ ਦੇ ਦਿਨਾਂ ਦੌਰਾਨ ਹੀ ਉਸ ਅੰਦਰ ਕਲਾ ਅਤੇ ਸਟਾਈਲ ਪ੍ਰਤੀ ਖ਼ਾਸ ਰੁਚੀ ਪੈਦਾ ਹੋਈ ਸੀ।

ਅਦਾਕਾਰੀ ਵਿੱਚ ਆਉਣ ਤੋਂ ਪਹਿਲਾਂ ਸੋਨਮ ਨੇ ਏਅਰ ਹੋਸਟੈਸ ਵਜੋਂ ਵੀ ਕੁਝ ਸਮਾਂ ਨੌਕਰੀ ਕੀਤੀ, ਜਿੱਥੇ ਉਸ ਨੇ ਦੁਨੀਆ ਦੇ ਵੱਖ-ਵੱਖ ਮੁਲਕਾਂ ਦੇ ਸੱਭਿਆਚਾਰ ਨੂੰ ਨੇੜਿਓਂ ਵੇਖਿਆ ਅਤੇ ਆਪਣੇ ਆਤਮ-ਵਿਸ਼ਵਾਸ ਨੂੰ ਨਿਖਾਰਿਆ। ਸਾਲ 2012 ਵਿੱਚ ਉਸ ਨੇ ਦੇਸ਼ ਦੇ ਸਭ ਤੋਂ ਵੱਡੇ ਸੁੰਦਰਤਾ ਮੁਕਾਬਲੇ ਫੈਮਿਨਾ ਮਿਸ ਇੰਡੀਆ ਵਿੱਚ ਹਿੱਸਾ ਲਿਆ, ਜਿੱਥੇ ਉਹ ਫਾਈਨਲਿਸਟ ਬਣੀ। ਇੱਥੋਂ ਹੀ ਉਸ ਦੇ ਗਲੈਮਰਸ ਸਫ਼ਰ ਅਤੇ ਮਾਡਲਿੰਗ ਦਾ ਰਸਮੀ ਮੁੱਢ ਬੱਝਿਆ, ਜਿਸ ਨੇ ਅੱਗੇ ਚੱਲ ਕੇ ਵੱਡੇ ਪਰਦੇ ਦੇ ਸੁਨਹਿਰੀ ਦਰਵਾਜ਼ੇ ਖੋਲ੍ਹੇ।

ਸੰਨ 2013 ਵਿੱਚ ਸੋਨਮ ਨੇ ਪੰਜਾਬੀ ਫ਼ਿਲਮ 'ਬੈਸਟ ਆਫ਼ ਲੱਕ' ਨਾਲ ਜੱਸੀ ਗਿੱਲ ਅਤੇ ਗਿੱਪੀ ਗਰੇਵਾਲ ਦੇ ਸਾਹਮਣੇ ਡੈਬਿਊ ਕੀਤਾ। ਪਰ ਉਸ ਦੇ ਕਰੀਅਰ ਨੂੰ ਵੱਡੀ ਪਛਾਣ 2014 ਵਿੱਚ ਆਈ ਨਿਰਦੇਸ਼ਕ ਅਨੁਰਾਗ ਸਿੰਘ ਦੀ ਇਤਿਹਾਸਕ ਫ਼ਿਲਮ 'ਪੰਜਾਬ 1984' ਤੋਂ ਮਿਲੀ। ਇਸ ਫ਼ਿਲਮ ਵਿੱਚ ਦਿਲਜੀਤ ਦੋਸਾਂਝ ਦੇ ਸਾਹਮਣੇ ਉਸ ਵੱਲੋਂ ਨਿਭਾਈ ਪੇਂਡੂ ਮੁਟਿਆਰ ਜੀਤੀ ਦੀ ਭੂਮਿਕਾ ਨੇ ਸਭ ਨੂੰ ਭਾਵੁਕ ਕਰ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਸੋਨਮ ਸਿਰਫ਼ ਗਲੈਮਰ ਨਹੀਂ, ਗੰਭੀਰ ਅਦਾਕਾਰੀ ਦਾ ਵੀ ਨਾਂ ਹੈ।



ਸੋਨਮ ਬਾਜਵਾ

✦ ਸਿਨੇਮਾ ਆਰਕਾਈਵ ✦

ਸਫ਼ਰ ਤੇ ਪ੍ਰਾਪਤੀਆਂ

ਸੋਨਮ ਬਾਜਵਾ: ਵੱਡੀਆਂ ਫ਼ਿਲਮਾਂ ਤੇ ਸਫ਼ਲਤਾ ਦਾ ਸਿਖ਼ਰ

ਇਸ ਇਤਿਹਾਸਕ ਸਫ਼ਲਤਾ ਤੋਂ ਬਾਅਦ ਸੋਨਮ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। 'ਸਰਦਾਰ ਜੀ 2', 'ਨਿੱਕਾ ਜ਼ੈਲਦਾਰ', 'ਮੰਜੇ ਬਿਸਤਰੇ' ਅਤੇ 'ਕੈਰੀ ਓਨ ਜੱਟਾ 2' ਵਰਗੀਆਂ ਬਲਾਕਬਸਟਰ ਫ਼ਿਲਮਾਂ ਨੇ ਉਸ ਨੂੰ ਪੰਜਾਬੀ ਸਿਨੇਮਾ ਦੀ ਨੰਬਰ ਇੱਕ ਹੀਰੋਇਨ ਬਣਾ ਦਿੱਤਾ। ਹਰ ਫ਼ਿਲਮ ਵਿੱਚ ਉਸ ਦੀ ਸਕ੍ਰੀਨ ਪ੍ਰੈਜ਼ੈਂਸ ਅਤੇ ਅਦਾਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖਿਆ। ਉਸ ਨੇ ਹਾਸਰਸ ਅਤੇ ਰੋਮਾਂਟਿਕ ਕਿਰਦਾਰਾਂ ਵਿੱਚ ਆਪਣੀ ਵੱਖਰੀ ਛਾਪ ਛੱਡੀ ਅਤੇ ਹਰ ਰੋਲ ਨੂੰ ਪੂਰੀ ਸ਼ਿੱਦਤ ਨਾਲ ਨਿਭਾਇਆ।

ਸਾਲ 2019 ਦੀ ਫ਼ਿਲਮ 'ਅੜਬ ਮੁਟਿਆਰਾਂ' ਉਸ ਦੇ ਕਰੀਅਰ ਦਾ ਸਭ ਤੋਂ ਵੱਡਾ ਮੀਲ-ਪੱਥਰ ਸਾਬਤ ਹੋਈ। ਇਸ ਫ਼ਿਲਮ ਵਿੱਚ ਉਸ ਵੱਲੋਂ ਨਿਭਾਏ ਕਿਰਦਾਰ ਬੱਬੂ ਬੈਂਸ ਨੇ ਔਰਤ ਸਸ਼ਕਤੀਕਰਨ ਦੀ ਨਵੀਂ ਮਿਸਾਲ ਕਾਇਮ ਕੀਤੀ। ਉਸ ਦੇ ਬੋਲਡ ਅੰਦਾਜ਼, ਤਿੱਖੇ ਸੰਵਾਦਾਂ ਅਤੇ ਨਿਡਰ ਰਵੱਈਏ ਨੇ ਪੰਜਾਬੀ ਸਿਨੇਮਾ ਵਿੱਚ ਨਾਇਕਾ ਦੀ ਰਵਾਇਤੀ ਪਰਿਭਾਸ਼ਾ ਹੀ ਬਦਲ ਦਿੱਤੀ। ਇਸ ਸ਼ਾਨਦਾਰ ਅਦਾਕਾਰੀ ਲਈ ਉਸ ਨੂੰ ਪੀਟੀਸੀ ਸਰਵੋਤਮ ਅਦਾਕਾਰਾ ਦਾ ਵੱਕਾਰੀ ਐਵਾਰਡ ਮਿਲਿਆ।

ਪੰਜਾਬੀ ਸਿਨੇਮਾ ਦੇ ਨਾਲ ਨਾਲ ਸੋਨਮ ਨੇ ਤਾਮਿਲ ਅਤੇ ਤੇਲਗੂ ਸਿਨੇਮਾ ਵਿੱਚ ਵੀ ਆਪਣੀ ਪਛਾਣ ਦਰਜ ਕਰਵਾਈ। ਹਿੰਦੀ ਫ਼ਿਲਮ 'ਸਟ੍ਰੀਟ ਡਾਂਸਰ 3ਡੀ' ਵਿੱਚ ਉਸ ਦੀ ਦਿੱਖ ਦੀ ਚਰਚਾ ਹੋਈ। 2021 ਦੀ ਸੁਪਰਹਿੱਟ ਫ਼ਿਲਮ 'ਹੌਂਸਲਾ ਰੱਖ' ਵਿੱਚ ਦਿਲਜੀਤ ਦੋਸਾਂਝ ਨਾਲ ਉਸ ਦੀ ਕੈਮਿਸਟਰੀ ਨੂੰ ਵਿਸ਼ਵ ਪੱਧਰ 'ਤੇ ਖ਼ੂਬ ਸਰਾਹਿਆ ਗਿਆ। ਉਸ ਨੇ ਟੈਲੀਵਿਜ਼ਨ ਟਾਕ ਸ਼ੋਅ 'ਦਿਲ ਦੀਆਂ ਗੱਲਾਂ' ਦੀ ਮੇਜ਼ਬਾਨੀ ਵੀ ਬੇਹੱਦ ਖ਼ੂਬਸੂਰਤੀ ਅਤੇ ਸਲੀਕੇ ਨਾਲ ਕੀਤੀ। 'ਕੈਰੀ ਓਨ ਜੱਟਾ 3' (2023) ਨੇ 100 ਕਰੋੜ ਦੀ ਕਮਾਈ ਕਰਕੇ ਇਤਿਹਾਸ ਰਚਿਆ।

ਅੱਜ ਸੋਨਮ ਬਾਜਵਾ ਪੰਜਾਬੀ ਸਿਨੇਮਾ ਦੀ ਉਹ ਸ਼ਖ਼ਸੀਅਤ ਹੈ ਜੋ ਆਪਣੀਆਂ ਸ਼ਰਤਾਂ 'ਤੇ ਫ਼ਿਲਮਾਂ ਚੁਣਦੀ ਹੈ ਅਤੇ ਜਿਸ ਦੇ ਨਾਂ 'ਤੇ ਸਿਨੇਮਾ ਘਰਾਂ ਵਿੱਚ ਦਰਸ਼ਕਾਂ ਦੀਆਂ ਲਾਈਨਾਂ ਲੱਗਦੀਆਂ ਹਨ। ਇੱਕ ਸਾਧਾਰਨ ਕਸਬੇ ਤੋਂ ਉੱਠ ਕੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਸੋਨਮ ਨੌਜਵਾਨ ਕੁੜੀਆਂ ਲਈ ਵੱਡੀ ਪ੍ਰੇਰਨਾ ਸਰੋਤ ਹੈ। ਉਸ ਦੀ ਅਣਥੱਕ ਮਿਹਨਤ, ਸਾਦਗੀ ਅਤੇ ਕਲਾ ਪ੍ਰਤੀ ਅਟੁੱਟ ਸਮਰਪਣ ਉਸ ਨੂੰ ਸੱਚਮੁੱਚ ਦੀ ਮਹਾਨ 'ਨਾਇਕਾ' ਬਣਾਉਂਦਾ ਹੈ।

8 ਲੱਖ ਮੁਲਾਜ਼ਮਾਂ ਨੂੰ 3 ਫੀਸਦੀ ਡੀਏ ਦੀ ਕਿਸ਼ਤ ਹੋਵੇਗੀ ਜਾਰੀ , ਸੀਐਮ ਮਾਨ ਦਾ ਵੱਡਾ ਐਲਾਨ, 2 ਮਹੀਨਿਆਂ 'ਚ 11% ਦਾ ਵਾਧਾ (ਜਾਰੀ)

ਕੁਝ ਸਾਲਾਸਰ ਜਾ ਰਹੇ ਹਨ, ਕੁਝ ਵ੍ਰਿੰਦਾਵਨ ਜਾ ਰਹੇ ਹਨ, ਅਤੇ ਕੁਝ ਦਰਬਾਰ ਸਾਹਿਬ ਮੱਥਾ ਟੇਕਣ ਲਈ। ਉਨ੍ਹਾਂ ਨੂੰ ਸਰਕਾਰ ਵੱਲੋਂ ਹਰ ਸਹੂਲਤ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸੱਤਾ ਵਿੱਚ ਆਏ ਲਗਭਗ ਪੌਨੇ ਪੰਜ ਸਾਲ ਹੋ ਗਏ ਹਨ, ਪਰ ਉਨ੍ਹਾਂ ਕਦੇ ਨਹੀਂ ਕਿਹਾ ਕਿ ਖਜ਼ਾਨਾ ਖਾਲੀ ਹੈ ਜਾਂ ਖਜ਼ਾਨੇ ਦਾ ਮੂੰਹ ਬੰਦ ਹੈ। ਕੁਝ ਨੇਤਾ ਜੋ ਪਿਛਲੀਆਂ ਸਰਕਾਰਾਂ ਵਿੱਚ ਮੰਤਰੀ ਸਨ, ਲਗਾਤਾਰ ਦਾਅਵਾ ਕਰਦੇ ਰਹੇ ਕਿ ਖਜ਼ਾਨਾ ਖਾਲੀ ਹੈ। ਉਨ੍ਹਾਂ ਵਿਅੰਗਮਈ ਟਿੱਪਣੀ ਕੀਤੀ ਕਿ ਅਜਿਹੇ ਮੰਤਰੀਆਂ ਨੂੰ "ਪੀਪਾ ਮੰਤਰੀ" ਕਿਹਾ ਜਾਂਦਾ ਸੀ।

ਚੋਣਾਂ ਤੋਂ ਠੀਕ ਪਹਿਲਾਂ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਕੇ ਭਾਜਪਾ ਦਾ ਪੱਲਾ ਫੜ ਲਿਆ ਹੈ। ਮੁੱਖ ਮੰਤਰੀ ਤੋਂ ਜਦੋਂ ਇਸ ਬਾਰੇ ਸਵਾਲ ਪੁੱਛਿਆ ਕਿ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਜਾਣ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ। ਪਰ ਉੱਧਰ ਜਾਣ ਤੋਂ ਪਹਿਲਾਂ ਉਹ ਕੈਪਟਨ ਅਮਰਿੰਦਰ ਸਿੰਘ ਕੋਲੋਂ ਤਾਂ ਪੁੱਛ ਲੈਂਦੇ। ਬੀਜੇਪੀ ਉਨ੍ਹਾਂ ਨੂੰ ਪੁੱਛਦੀ ਤੱਕ ਨਹੀਂ ਹੈ। ਉਨ੍ਹਾਂ ਨੂੰ ਬੰਨ੍ਹੇ ਲਾ ਦਿੱਤਾ ਗਿਆ ਹੈ।

ਪੰਜਾਬ • ਜਲੰਧਰ

ਦਿਵਿਤ ਔਲਖ ਦਾ ਅੰਤਿਮ ਸਸਕਾਰ, ਪੰਜਾਬ ਦੇ ਵੱਡੇ ਕਲਾਕਾਰਾਂ ਨੇ ਦਿੱਤੀ ਸ਼ਰਧਾਂਜਲੀਸਪੀਡ ਰਿਕਾਰਡਜ਼ ਦੇ ਮਾਲਕ ਦਿਨੇਸ਼ ਔਲਖ ਦੇ ਪੁੱਤਰ ਦਿਵਿਤ ਔਲਖ ਦਾ ਜਲੰਧਰ ਵਿੱਚ ਅੰਤਿਮ ਸਸਕਾਰ ਹੋਇਆ। ਬੱਬੂ ਮਾਨ, ਗਿੱਪੀ ਗਰੇਵਾਲ ਅਤੇ ਜੈਜ਼ੀ ਬੀ ਸਮੇਤ ਕਈ ਕਲਾਕਾਰਾਂ ਨੇ ਦਿੱਤੀ ਸ਼ਰਧਾਂਜਲੀ।

ਸਪੀਡ ਰਿਕਾਰਡਜ਼ ਦੇ ਮਾਲਕ ਦਿਨੇਸ਼ ਔਲਖ ਦੇ ਪੁੱਤਰ ਦਿਵਿਤ ਔਲਖ ਦਾ ਜਲੰਧਰ ਵਿੱਚ ਅੰਤਿਮ ਸਸਕਾਰ ਹੋਇਆ। ਬੱਬੂ ਮਾਨ, ਗਿੱਪੀ ਗਰੇਵਾਲ ਅਤੇ ਜੈਜ਼ੀ ਬੀ ਸਮੇਤ ਕਈ ਕਲਾਕਾਰਾਂ ਨੇ ਦਿੱਤੀ ਸ਼ਰਧਾਂਜਲੀ।

ਪੰਜਾਬੀ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਹੈ। ਮਸ਼ਹੂਰ ਮਿਊਜ਼ਿਕ ਕੰਪਨੀ ਸਪੀਡ ਰਿਕਾਰਡਜ਼ ਦੇ ਮਾਲਕ ਦਿਨੇਸ਼ ਔਲਖ ਦੇ ਪੁੱਤਰ ਦਿਵਿਤ ਔਲਖ ਦਾ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ। ਅੱਜ ਜਲੰਧਰ ਦੇ ਮਾਡਲ ਟਾਊਨ ਸ਼ਮਸ਼ਾਨਘਾਟ ਵਿਖੇ ਦਿਵਿਤ ਔਲਖ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਮੌਕੇ ਪੰਜਾਬੀ ਫਿਲਮ ਅਤੇ ਸੰਗੀਤ ਜਗਤ ਦੀਆਂ ਕਈ ਨਾਮੀ ਹਸਤੀਆਂ ਨੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਦਿਵਿਤ ਔਲਖ ਦੇ ਅੰਤਿਮ ਸਸਕਾਰ ਮੌਕੇ ਪੰਜਾਬੀ ਗਾਇਕ ਬੱਬੂ ਮਾਨ ਕਾਫ਼ੀ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਨਮ ਅੱਖਾਂ ਨਾਲ ਦਿਵਿਤ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਇਲਾਵਾ ਗਿੱਪੀ ਗਰੇਵਾਲ, ਜੈਜ਼ੀ ਬੀ, ਅੰਮ੍ਰਿਤ ਮਾਨ, ਸਤਿੰਦਰ ਸਰਤਾਜ, ਬਿਨੂੰ ਢਿੱਲੋਂ ਸਮੇਤ ਕਈ ਕਲਾਕਾਰਾਂ ਨੇ ਔਲਖ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਜੈਜ਼ੀ ਬੀ ਨੇ ਵੀ ਦਿਵਿਤ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਸੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਭਾਵੁਕ ਸੰਦੇਸ਼ ਸਾਂਝਾ ਕਰਦਿਆਂ ਕਿਹਾ ਕਿ ਇਸ ਦੁੱਖ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ। ਦਿਵਿਤ ਦੇ ਦੇਹਾਂਤ ਕਾਰਨ ਜੈਜ਼ੀ ਬੀ ਨੇ ਕੈਨੇਡਾ ਦੇ ਵੈਨਕੂਵਰ ਵਿੱਚ ਹੋਣ ਵਾਲੇ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਦਾ ਆਪਣਾ ਪ੍ਰੋਗਰਾਮ ਵੀ ਰੱਦ ਕਰ ਦਿੱਤਾ ਸੀ।

ਜਾਣਕਾਰੀ ਅਨੁਸਾਰ 1 ਨਵੰਬਰ ਦੀ ਸਵੇਰ ਜਲੰਧਰ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਸੀ। ਦੱਸਿਆ ਜਾ ਰਿਹਾ ਹੈ ਕਿ ਜਨਮਦਿਨ ਦੇ ਜਸ਼ਨ ਤੋਂ ਬਾਅਦ ਦਿਵਿਤ ਆਪਣੇ ਇੱਕ ਦੋਸਤ ਨਾਲ ਕਾਰ ਵਿੱਚ ਸਫ਼ਰ ਕਰ ਰਹੇ ਸਨ। ਇਸ ਦੌਰਾਨ ਪੁਲਿਸ ਲਾਈਨਜ਼ ਫਲਾਈਓਵਰ ਨੇੜੇ ਉਨ੍ਹਾਂ ਦੀ ਕਾਰ ਸੜਕ ਕਿਨਾਰੇ ਖੜ੍ਹੇ ਨਗਰ ਨਿਗਮ ਦੇ ਟਰੈਕਟਰ-ਟਰਾਲੇ ਨਾਲ ਟਕਰਾ ਗਈ। ਹਾਦਸਾ ਇੰਨਾ ਗੰਭੀਰ ਸੀ ਕਿ ਦਿਵਿਤ ਔਲਖ ਅਤੇ ਉਨ੍ਹਾਂ ਦੇ ਦੋਸਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਖ਼ਬਰ ਨੇ ਔਲਖ ਪਰਿਵਾਰ ਦੇ ਨਾਲ-ਨਾਲ ਪੂਰੇ ਪੰਜਾਬੀ ਸੰਗੀਤ ਜਗਤ ਨੂੰ ਸਦਮੇ ਵਿੱਚ ਪਾ ਦਿੱਤਾ।

ਦਿਵਿਤ ਔਲਖ ਪੰਜਾਬੀ ਸੰਗੀਤ ਜਗਤ ਦੀ ਪ੍ਰਸਿੱਧ ਮਿਊਜ਼ਿਕ ਕੰਪਨੀ ਸਪੀਡ ਰਿਕਾਰਡਜ਼ ਦੇ ਮਾਲਕ ਦਿਨੇਸ਼ ਔਲਖ ਦੇ ਪੁੱਤਰ ਸਨ। ਦਿਨੇਸ਼ ਔਲਖ ਨੇ ਆਪਣੀ ਮਿਹਨਤ ਅਤੇ ਲੰਬੇ ਤਜਰਬੇ ਨਾਲ ਸਪੀਡ ਰਿਕਾਰਡਜ਼ ਨੂੰ ਪੰਜਾਬੀ ਸੰਗੀਤ ਉਦਯੋਗ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਬਣਾਇਆ ਹੈ। ਦਿਨੇਸ਼ ਔਲਖ ਦਾ ਪੰਜਾਬੀ ਗਾਇਕ ਜੈਜ਼ੀ ਬੀ ਨਾਲ ਵੀ ਪੁਰਾਣਾ ਸਬੰਧ ਰਿਹਾ ਹੈ। ਉਹ ਪਹਿਲਾਂ ਜੈਜ਼ੀ ਬੀ ਦੇ ਮੈਨੇਜਰ ਵਜੋਂ ਵੀ ਕੰਮ ਕਰ ਚੁੱਕੇ ਹਨ।

ਦਿਵਿਤ ਦੇ ਦੇਹਾਂਤ ਤੋਂ ਬਾਅਦ ਗਿੱਪੀ ਗਰੇਵਾਲ, ਜੈਜ਼ੀ ਬੀ, ਨੀਰੂ ਬਾਜਵਾ, ਮਿਸ ਪੂਜਾ, ਬਿਨੂੰ ਢਿੱਲੋਂ, ਕਰਨਜੀਤ ਅਨਮੋਲ, ਜਸਬੀਰ ਜੱਸੀ, ਰਣਜੀਤ ਬਾਵਾ ਅਤੇ ਸੁਨੰਦਾ ਸ਼ਰਮਾ ਸਮੇਤ ਕਈ ਕਲਾਕਾਰਾਂ ਨੇ ਸੋਸ਼ਲ ਮੀਡੀਆ ਰਾਹੀਂ ਪਰਿਵਾਰ ਨਾਲ ਹਮਦਰਦੀ ਜਤਾਈ ਹੈ। ਇਸ ਦੁੱਖ ਦੀ ਘੜੀ ਵਿੱਚ ਪੂਰਾ ਪੰਜਾਬੀ ਮਨੋਰੰਜਨ ਜਗਤ ਦਿਨੇਸ਼ ਔਲਖ ਅਤੇ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜ੍ਹਾ ਹੈ।

ਪੰਜਾਬ

566 ਦਿਨਾਂ ਬਾਅਦ ਪੁੱਤਰ ਨੂੰ ਦੇਖਦੇ ਹੀ ਭੱਜੀ ਮਾਂ, ਘੁੱਟ ਕੇ ਲਾਇਆ ਗਲੇ; ਵਾਇਰਲ

ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਖੂਬ ਵਾਇਰਲ ਹੋ ਰਹੀ ਹੈ। ਇਸ ਵਿੱਚ ਇੱਕ ਪੁੱਤਰ ਲੰਬੇ ਸਮੇਂ ਬਾਅਦ ਅਚਾਨਕ ਘਰ ਵਾਪਸ ਆਉਂਦਾ ਹੈ। ਮਾਂ ਦਾ ਰਿਐਕਸ਼ਨ ਇੰਨਾ ਭਾਵੁਕ ਕਰ ਦੇਣ ਵਾਲਾ ਹੈ ਕਿ ਵੀਡੀਓ ਦੇਖ ਕੇ ਤੁਹਾਡੀਆਂ ਅੱਖਾਂ ਵਿੱਚ ਵੀ ਹੰਝੂ ਆ ਜਾਣਗੇ।

566 ਦਿਨ ਯਾਨੀ ਕਰੀਬ ਡੇਢ ਸਾਲ। ਇੰਨੇ ਲੰਬੇ ਇੰਤਜ਼ਾਰ ਤੋਂ ਬਾਅਦ ਜਦੋਂ ਪੁੱਤਰ ਬਿਨਾਂ ਦੱਸੇ ਘਰ ਵਾਪਸ ਆਇਆ ਤਾਂ ਉੱਥੇ ਜੋ ਕੁਝ ਹੋਇਆ, ਉਸ ਦੀ ਵੀਡੀਓ ਦੇਖ ਕੇ ਤੁਹਾਡੀਆਂ ਅੱਖਾਂ ਵੀ ਨਮ ਹੋ ਜਾਣਗੀਆਂ। ਸੋਸ਼ਲ ਮੀਡੀਆ 'ਤੇ ਇਹ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਨੂੰ 'ਤੇ @_ ਨਾਂ ਦੇ ਯੂਜ਼ਰ ਨੇ ਸਾਂਝਾ ਕੀਤਾ ਹੈ। ਵੀਡੀਓ ਦੀ ਸ਼ੁਰੂਆਤ ਵਿੱਚ ਲਿਖਿਆ ਹੈ- 566 ਦਿਨਾਂ ਬਾਅਦ ਉਨ੍ਹਾਂ ਨੂੰ ਸਰਪ੍ਰਾਈਜ਼ ਦਿੰਦੇ ਹਾਂ।

ਵਾਇਰਲ ਹੋ ਰਹੀ ਇਸ ਵੀਡੀਓ ਵਿੱਚ ਦਿਖਾਈ ਦਿੰਦਾ ਹੈ ਕਿ ਇੱਕ

566 ਦਿਨਾਂ ਬਾਅਦ ਪੁੱਤਰ ਨੂੰ ਦੇਖਦੇ ਹੀ ਭੱਜੀ ਮਾਂ, ਘੁੱਟ ਕੇ ਲਾਇਆ ਗਲੇ; ਵਾਇਰਲ (ਜਾਰੀ)

ਨੌਜਵਾਨ ਚੁੱਪ-ਚਾਪ ਘਰ ਪਹੁੰਚਦਾ ਹੈ। ਪਰਿਵਾਰ ਨੂੰ ਬਿਲਕੁਲ ਵੀ ਅੰਦਾਜ਼ਾ ਨਹੀਂ ਹੁੰਦਾ ਕਿ ਉਨ੍ਹਾਂ ਦਾ ਪੁੱਤਰ ਦਰਵਾਜ਼ੇ 'ਤੇ ਖੜ੍ਹਾ ਹੈ। ਜਿਵੇਂ ਹੀ ਪਰਿਵਾਰ ਦੀ ਨਜ਼ਰ ਉਸ 'ਤੇ ਪੈਂਦੀ ਹੈ, ਸਾਰੇ ਹੈਰਾਨ ਰਹਿ ਜਾਂਦੇ ਹਨ।

ਇਸ ਵੀਡੀਓ ਦਾ ਸਭ ਤੋਂ ਭਾਵੁਕ ਪਲ ਮਾਂ ਦਾ ਰਿਐਕਸ਼ਨ ਹੈ। ਉਹ ਭੱਜ ਕੇ ਆਉਂਦੀ ਹੈ ਅਤੇ ਪੁੱਤਰ ਨੂੰ ਘੁੱਟ ਕੇ ਗਲੇ ਲਗਾ ਲੈਂਦੀ ਹੈ। ਮਾਂ ਦੇ ਇਸ ਇੱਕ ਜੱਫੀ ਵਿੱਚ ਹੀ ਡੇਢ ਸਾਲ ਦਾ ਇੰਤਜ਼ਾਰ, ਚਿੰਤਾ ਅਤੇ ਪਿਆਰ ਸਭ ਕੁਝ ਨਜ਼ਰ ਆ ਜਾਂਦਾ ਹੈ। ਦੂਜੇ ਪਾਸੇ ਪਿਤਾ ਵੀ ਭਾਵੁਕ ਹੋ ਜਾਂਦੇ ਹਨ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਉਹ ਆਪਣੇ ਹੰਝੂ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਪਰ ਉਨ੍ਹਾਂ ਦੀਆਂ ਅੱਖਾਂ ਸਭ ਕੁਝ ਬਿਆਨ ਕਰ ਦਿੰਦੀਆਂ ਹਨ।

ਵੀਡੀਓ ਸਾਂਝੀ ਕਰਦਿਆਂ ਨੌਜਵਾਨ ਨੇ ਕੈਪਸ਼ਨ ਵਿੱਚ ਸਿਰਫ਼ ਇੰਨਾ ਲਿਖਿਆ- 566 ਦਿਨ ਅਤੇ ਇਹੀ ਉਹ ਪਲ ਹੈ। ਹਾਲਾਂਕਿ, ਵੀਡੀਓ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਉਹ ਇਨ੍ਹਾਂ 566 ਦਿਨਾਂ ਦੌਰਾਨ ਕਿੱਥੇ ਸੀ। ਕੀ ਉਹ ਪੜ੍ਹਾਈ ਲਈ ਘਰ ਤੋਂ ਬਾਹਰ ਸੀ ਜਾਂ ਨੌਕਰੀ ਕਰ ਰਿਹਾ ਸੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪਰ ਉਸ ਦੇ ਪਰਿਵਾਰ ਦਾ ਰਿਐਕਸ਼ਨ ਦੱਸ ਰਿਹਾ ਹੈ ਕਿ ਇਹ ਇੰਤਜ਼ਾਰ ਕਿੰਨਾ ਲੰਬਾ ਸੀ।

ਇਸ ਵੀਡੀਓ 'ਤੇ ਲੋਕ ਖੂਬ ਪਿਆਰ ਲੁਟਾ ਰਹੇ ਹਨ। ਇੱਕ ਯੂਜ਼ਰ ਨੇ ਲਿਖਿਆ, "ਮਾਂ ਦੀ ਜੱਫੀ ਹੀ ਜੰਨਤ ਹੈ।" ਉੱਥੇ ਹੀ ਦੂਜੇ ਯੂਜ਼ਰ ਨੇ ਲਿਖਿਆ, "ਪਿਤਾ ਦੇ ਰੋਕੇ ਹੋਏ ਹੰਝੂ ਸਭ ਤੋਂ ਵੱਧ ਭਾਵੁਕ ਕਰ ਦੇਣ ਵਾਲੇ ਹਨ।"

ਪੰਜਾਬ • ਚੰਡੀਗੜ੍ਹ

ਚੰਡੀਗੜ੍ਹ ਰੇਲਵੇ ਸਟੇਸ਼ਨ ਤੋਂ ਚੱਲੀਆਂ 5 ਸਪੈਸ਼ਲ ਟਰੇਨਾਂ

ਚੰਡੀਗੜ੍ਹ: ਤਿਉਹਾਰਾਂ ਦੌਰਾਨ ਯਾਤਰੀਆਂ ਦੀ ਜ਼ਿਆਦਾ ਭੀੜ ਨੂੰ ਦੇਖਦੇ ਹੋਏ ਰੇਲਵੇ ਨੇ ਸਪੈਸ਼ਲ ਟਰੇਨਾਂ ਸ਼ੁਰੂ ਕੀਤੀਆਂ ਹਨ। ਰੇਲਵੇ ਵੱਲੋਂ 6 ਨਵੰਬਰ ਨੂੰ ਚੰਡੀਗੜ੍ਹ ਅਤੇ ਪਟਨਾ ਵਿਚਕਾਰ ਫੈਸਟੀਵਲ ਸਪੈਸ਼ਲ ਐਕਸਪ੍ਰੈਸ ਟਰੇਨ ਚਲਾਈ ਜਾਵੇਗੀ। ਅੰਬਾਲਾ ਡਿਵੀਜ਼ਨ ਦੇ ਸੀਨੀਅਰ ਡੀ.ਸੀ.ਐਮ. ਯਸ਼ਨਜੀਤ ਸਿੰਘ ਨੇ ਦੱਸਿਆ ਕਿ ਫਿਲਹਾਲ ਸਪੈਸ਼ਲ ਟਰੇਨ ਦੀ ਇਕ ਵਾਰ ਫ੍ਰੀਕੁਐਂਸੀ ਤੈਅ ਕੀਤੀ ਗਈ ਹੈ, ਜਿਸ ਨੂੰ ਲੋੜ ਪੈਣ 'ਤੇ ਵਧਾਇਆ ਜਾ ਸਕਦਾ ਹੈ।

ਟਰੇਨ ਨੰਬਰ 04510 ਚੰਡੀਗੜ੍ਹ-ਪਟਨਾ ਰਿਜ਼ਰਵਡ ਫੈਸਟੀਵਲ ਸਪੈਸ਼ਲ ਐਕਸਪ੍ਰੈਸ ਚੰਡੀਗੜ੍ਹ ਤੋਂ 6 ਨਵੰਬਰ ਨੂੰ ਰਾਤ 10 ਵਜੇ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਰਾਤ 9.15 ਵਜੇ ਪਟਨਾ ਪਹੁੰਚੇਗੀ। ਇਸ ਦੇ ਬਦਲੇ ਇਹ 7 ਨਵੰਬਰ ਨੂੰ ਰਾਤ 11.15 ਵਜੇ ਪਟਨਾ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਰਾਤ 9.40 ਵਜੇ ਚੰਡੀਗੜ੍ਹ ਪਹੁੰਚੇਗੀ। ਇਹ ਰੇਲਗੱਡੀ ਦੋਵੇਂ ਦਿਸ਼ਾਵਾਂ ਵਿੱਚ ਅੰਬਾਲਾ ਡਵੀਜ਼ਨ ਦੇ ਅੰਬਾਲਾ ਛਾਉਣੀ ਅਤੇ ਸਹਾਰਨਪੁਰ ਰੇਲਵੇ ਸਟੇਸ਼ਨਾਂ 'ਤੇ ਰੁਕੇਗੀ। ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ ਮਿਲੀਆਂ 5 ਸਪੈਸ਼ਲ ਟਰੇਨਾਂ: ਚੰਡੀਗੜ੍ਹ ਰੇਲਵੇ ਸਟੇਸ਼ਨ ਬੱਦੀ, ਪੰਚਕੂਲਾ, ਮੋਹਾਲੀ, ਜ਼ੀਰਕਪੁਰ ਅਤੇ ਪਿੰਜੌਰ ਦੇ ਨੇੜੇ ਹੋਣ ਕਾਰਨ ਯਾਤਰੀਆਂ ਦੀ ਦਿਲਚਸਪੀ ਸਭ ਤੋਂ ਵੱਧ ਹੈ। ਤਿਉਹਾਰਾਂ ਦੌਰਾਨ ਇਸ ਰੇਲਵੇ ਸਟੇਸ਼ਨ 'ਤੇ ਜ਼ਿਆਦਾ ਭੀੜ ਦੇਖਣ ਨੂੰ ਮਿਲਦੀ ਹੈ, ਜਿਸ ਕਾਰਨ ਅੰਬਾਲਾ ਡਿਵੀਜ਼ਨ ਦੀਵਾਲੀ ਅਤੇ ਛਠ ਪੂਜਾ ਲਈ 5 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾ ਰਹੀਆਂ ਹਨ। ਪਿਛਲੇ ਸਾਲ ਚੰਡੀਗੜ੍ਹ ਤੋਂ ਸਿਰਫ਼ 3 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਸਨ।

ਖੇਡਾਂ

ਸਪੇਨ ਦੇ ਟਰਾਂਸਪੋਰਟ ਮੰਤਰੀ ਨੇ ਰੇਲ ਹਾਦਸੇ ਤੋਂ ਕੁਝ ਦਿਨ ਬਾਅਦ ਦਿੱਤਾ ਅਸਤੀਫ਼ਾ

ਮੈਡਰਿਡ: ਸਪੇਨ ਦੇ ਟਰਾਂਸਪੋਰਟ ਮੰਤਰੀ ਨੇ ਮੈਡ੍ਰਿਡ ਦੇ ਦੱਖਣ ਵਿੱਚ ਇੱਕ ਤੇਜ਼ ਰਫ਼ਤਾਰ ਰੇਲ ਹਾਦਸੇ ਦੇ ਛੇ ਦਿਨ ਬਾਅਦ ਬੀਤੇ ਦਿਨ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ, ਜਿਸ ਵਿੱਚ 69 ਲੋਕਾਂ ਦੀ ਮੌਤ ਹੋ ਗਈ। ਟਰਾਂਸਪੋਰਟ ਮੰਤਰੀ ਆਸਕਰ ਪੁਏਂਟੇ ਨੇ ਸੰਸਦ ਮੈਂਬਰਾਂ ਦੇ ਸਾਹਮਣੇ ਕਈ ਘੰਟਿਆਂ ਦੀ ਬਹਿਸ ਦੇ ਅੰਤ ਵਿੱਚ ਇਹ ਐਲਾਨ ਕੀਤਾ। ਸਪੇਨ ਦੇ ਵਿਆਪਕ ਹਾਈ-ਸਪੀਡ ਰੇਲ ਨੈੱਟਵਰਕ 'ਤੇ ਇਸ ਸਾਲ ਇਹ ਦੂਜਾ ਘਾਤਕ ਹਾਦਸਾ ਸੀ। ਪੁਏਂਤੇ ਨੇ ਸੰਸਦ ਮੈਂਬਰਾਂ ਨੂੰ ਕਿਹਾ, "ਸਪੇਨ ਵਰਗੇ ਦੇਸ਼ ਦਾ ਟਰਾਂਸਪੋਰਟ ਮੰਤਰੀ ਇੱਕ ਸਾਲ ਦੇ ਅੰਦਰ ਦੋ ਰੇਲ ਹਾਦਸਿਆਂ ਤੋਂ ਬਾਅਦ ਆਪਣੇ ਅਹੁਦੇ 'ਤੇ ਬਣੇ ਨਹੀਂ ਰਹਿ ਸਕਦਾ ਹੈ।" ਇਹ ਸਿਆਸੀ ਮਰਿਆਦਾ, ਸਿਧਾਂਤਾਂ ਪ੍ਰਤੀ ਵਚਨਬੱਧਤਾ ਅਤੇ ਪੀੜਤਾਂ ਪ੍ਰਤੀ ਹਮਦਰਦੀ ਦਾ ਸਵਾਲ ਹੈ।

ਇਹ ਹਾਦਸਾ 28 ਅਕਤੂਬਰ ਨੂੰ ਉਸ ਸਮੇਂ ਵਾਪਰਿਆ, ਜਦੋਂ ਮੈਡ੍ਰਿਡ-ਸੇਵਿਲ ਰੇਲਵੇ 'ਤੇ ਸੁਰੱਖਿਆ ਨਾਲ ਸਬੰਧਤ ਮੁੱਖ ਸੰਚਾਰ ਪ੍ਰਣਾਲੀ ਟੁੱਟ ਗਈ। ਇਸ ਕਾਰਨ, ਮੈਡ੍ਰਿਡ ਦੇ ਕੇਂਦਰੀ ਕੰਟਰੋਲ ਰੂਮ ਨੇ ਰੇਲਗੱਡੀ ਦੇ ਸੰਚਾਲਨ ਦੀ ਕਮਾਨ ਸੰਭਾਲ ਲਈ ਅਤੇ ਦੂਜੀ ਰੇਲਗੱਡੀ ਨੂੰ ਅੱਗੇ ਵਧਣ ਦੀ ਇਜਾਜ਼ਤ ਦਿੱਤੀ ਭਾਵੇਂ ਕਿ ਪਹਿਲਾਂ ਹੀ ਟ੍ਰੈਕ 'ਤੇ ਇਕ ਰੇਲਗੱਡੀ ਸੀ। ਸਿੱਟੇ ਵਜੋਂ ਦੂਜੀ ਤੇਜ਼ ਰਫ਼ਤਾਰ ਟਰੇਨ ਮੌਜੂਦਾ ਟਰੇਨ ਨਾਲ ਟਕਰਾ ਗਈ। ਮੈਡ੍ਰਿਡ-ਸੇਵਿਲ ਰੇਲਵੇ 'ਤੇ ਇਸ ਸਾਲ ਇਹ ਦੂਜਾ ਵੱਡਾ ਹਾਦਸਾ ਹੈ। ਇਸ ਤੋਂ ਪਹਿਲਾਂ ਜਨਵਰੀ ਵਿੱਚ, ਇਸੇ ਰੂਟ 'ਤੇ ਇੱਕ ਦੱਖਣ ਵੱਲ ਜਾਣ ਵਾਲੀ ਰੇਲਗੱਡੀ ਪਟੜੀ ਤੋਂ ਉਤਰ ਗਈ ਸੀ ਅਤੇ ਉਲਟ ਦਿਸ਼ਾ ਤੋਂ ਆ ਰਹੀ ਇੱਕ ਹੋਰ ਰੇਲਗੱਡੀ ਨਾਲ ਟਕਰਾ ਗਈ ਸੀ। ਇਸ ਹਾਦਸੇ ਵਿੱਚ 46 ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਦੀ ਜਾਂਚ ਹਾਲੇ ਜਾਰੀ ਹੈ।

ਪੰਜਾਬ

ਸ੍ਰੀਨਗਰ ਦੇ ਬਾਹਰੀ ਇਲਾਕੇ ਬੇਮੀਨਾ 'ਚ ਲੱਗੀ ਭਿਆਨਕ ਅੱਗ, 2 ਲੋਕਾਂ ਦੀ ਹੋਈ ਮੌਤ

ਸ੍ਰੀਨਗਰ: ਸ੍ਰੀਨਗਰ ਦੇ ਬਾਹਰੀ ਇਲਾਕੇ ਬੇਮੀਨਾ ਦੇ ਗਰੀਬ ਖੇਤਰ ਵਿੱਚ, ਰਾਤ ਦੇ ਸਮੇਂ ਅਸਥਾਈ ਆਸਰਾ ਘਰਾਂ ਦੇ ਇੱਕ ਸਮੂਹ ਵਿੱਚ ਇੱਕ ਭਿਆਨਕ ਅੱਗ ਲੱਗ ਗਈ। ਇਸ ਘਟਨਾ ਵਿੱਚ ਦਿੱਲੀ ਦੇ ਰਹਿਣ ਵਾਲੇ ਦੋ ਕਬਾੜ ਚੁੱਕਣ ਵਾਲਿਆਂ ਦੀ ਸੜ ਕੇ ਮੌਤ ਹੋ ਗਈ। ਅੱਗ ਦੀ ਲਪੇਟ ਵਿੱਚ ਆਉਣ ਕਾਰਣ ਘੱਟੋਂ ਘੱਟ 80 ਅਸਥਾਈ ਢਾਂਚੇ ਸੜ ਕੇ ਸੁਆਹ ਹੋ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਕ੍ਰੈਪ ਡੀਲਰਾਂ ਦੁਆਰਾ ਵਰਤੇ ਗਏ ਸਨ।

ਸ੍ਰੀਨਗਰ ਦੇ ਬਾਹਰੀ ਇਲਾਕੇ ਬੇਮੀਨਾ 'ਚ ਲੱਗੀ ਭਿਆਨਕ ਅੱਗ, 2 ਲੋਕਾਂ ਦੀ ਹੋਈ ਮੌਤ (ਜਾਰੀ)

ਮ੍ਰਿਤਕਾਂ ਦੀ ਪਛਾਣ 27 ਸਾਲਾ ਮੁਹੰਮਦ ਨੂਰ ਆਲਮ ਅਤੇ 16 ਸਾਲਾ ਮੁਹੰਮਦ ਅਮੀਨ ਰਫੀ ਵਜੋਂ ਹੋਈ ਹੈ, ਦੋਵੇਂ ਦਿੱਲੀ ਦੇ ਰਹਿਣ ਵਾਲੇ ਸਨ, ਜੋ ਸਕ੍ਰੈਪ ਕੁਲੈਕਟਰ ਵਜੋਂ ਕੰਮ ਕਰਦੇ ਸਨ ਅਤੇ ਇਸ ਖੇਤਰ ਵਿੱਚ ਰਹਿੰਦੇ ਸਨ।

ਮਿਲੀ ਜਾਣਕਾਰੀ ਦੇ ਅਨੁਸਾਰ, ਅੱਗ ਅਸਥਾਈ ਆਸਰਾ ਘਰਾਂ ਦੇ ਸਮੂਹ ਵਿੱਚ ਲੱਗੀ ਅਤੇ ਤੇਜ਼ੀ ਨਾਲ ਆਲੇ ਦੁਆਲੇ ਦੀਆਂ ਇਮਾਰਤਾਂ ਵਿੱਚ ਫੈਲ ਗਈ। ਅੱਗ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਇਸਨੂੰ ਕਾਬੂ ਕਰਨਾ ਅਸੰਭਵ ਸੀ, ਜਿਸਨੇ ਪੂਰੀ ਬਸਤੀ ਦੇ ਇੱਕ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਠਿਕਾਣਿਆ ਦਾ ਇਸਤੇਮਾਲ ਕਾਬੜ ਦਾ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਅਤੇ ਰਹਿਣ-ਸਹਿਣ ਲਈ ਵਰਤਦੇ ਸਨ।

ਜਿਵੇਂ ਹੀ ਅੱਗ ਭੜਕੀ, ਪੁਲਿਸ, ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੀਆਂ ਟੀਮਾਂ ਅਤੇ ਸਥਾਨਕ ਨਿਵਾਸੀ ਮੌਕੇ 'ਤੇ ਪਹੁੰਚੇ ਅਤੇ ਅੱਗ ਬੁਝਾਉਣ ਵਿੱਚ ਜੁੱਟ ਗਏ। ਫਾਇਰਫਾਈਟਰਜ਼ ਨੇ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਜਦੋਂ ਕਿ ਸਥਾਨਕ ਲੋਕਾਂ ਨੇ ਵੀ ਅੱਗ ਬੁਝਾਉਣ ਵਿੱਚ ਮਦਦ ਕੀਤੀ।

ਹਾਲਾਂਕਿ, ਸਾਰਿਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਅੱਗ ਨੇ ਭਾਰੀ ਤਬਾਹੀ ਮਚਾਈ। ਘੱਟੋ-ਘੱਟ 80 ਅਸਥਾਈ ਆਸਰਾ ਤਬਾਹ ਹੋ ਗਏ ਅਤੇ ਦੋ ਲੋਕਾਂ ਦੀ ਮੌਤ ਹੋ ਗਈ। ਜਾਇਦਾਦ ਦਾ ਨੁਕਸਾਨ ਕਾਫ਼ੀ ਸੀ, ਹਾਲਾਂਕਿ ਨੁਕਸਾਨ ਦਾ ਸਹੀ ਅਨੁਮਾਨ ਅਜੇ ਵੀ ਬਾਕੀ ਹੈ।

ਦੋ ਨੌਜਵਾਨ ਕਬਾੜ ਇਕੱਠਾ ਕਰਨ ਵਾਲਿਆਂ ਦੀਆਂ ਮੌਤਾਂ ਨੇ ਇਸ ਘਟਨਾ ਨੂੰ ਹੋਰ ਵੀ ਦੁਖਦਾਈ ਬਣਾ ਦਿੱਤਾ ਹੈ। ਉਨ੍ਹਾਂ ਨੇ ਭਿਆਨਕ ਅੱਗ ਵਿੱਚ ਆਪਣੀਆਂ ਜਾਨਾਂ ਗੁਆ ਦਿੱਤੀਆਂ। ਵੱਡੀ ਗਿਣਤੀ ਵਿੱਚ ਅਸਥਾਈ ਢਾਂਚੇ ਤਬਾਹ ਹੋ ਗਏ ਹਨ, ਜਿਸ ਨਾਲ ਉਹ ਲੋਕ ਪ੍ਰਭਾਵਿਤ ਹੋਏ ਹਨ ਜੋ ਆਪਣੀ ਰੋਜ਼ੀ-ਰੋਟੀ ਅਤੇ ਆਸਰਾ ਲਈ ਇਸ ਬਸਤੀ 'ਤੇ ਨਿਰਭਰ ਸਨ।

ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਨੇ ਘਟਨਾ ਦਾ ਨੋਟਿਸ ਲੈ ਲਿਆ ਹੈ। ਅੱਗ ਲੱਗਣ ਦੇ ਹਾਲਾਤਾਂ ਅਤੇ ਨੁਕਸਾਨ ਦੀ ਹੱਦ ਬਾਰੇ ਹੋਰ ਜਾਣਕਾਰੀ ਮਿਲਣੀ ਬਾਕੀ ਹੈ।

ਪੰਜਾਬ

ਦੋ ਦਿਨਾਂ ਤੋਂ ਨਹੀਂ ਮਿਲਿਆ ਚਿੱਟਾ ਤਾਂ ਚੋਰੀ ਕਰਨ ਪਹੁੰਚਿਆ ਨੌਜਵਾਨ

ਸੰਗਰੂਰ: ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਦਰਮਿਆਨ ਸੰਗਰੂਰ ਸ਼ਹਿਰ ਤੋਂ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਨਸ਼ੇ ਦੀ ਲਤ ਅਤੇ ਇਸ ਕਾਰਨ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਮੁੜ ਚਰਚਾ ਛੇੜ ਦਿੱਤੀ ਹੈ। ਸ਼ਹਿਰ ਦੀ ਇੱਕ ਗਲੀ ਵਿੱਚ ਸਕੂਟਰੀ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਨੌਜਵਾਨ ਨੂੰ ਲੋਕਾਂ ਨੇ ਮੌਕੇ 'ਤੇ ਹੀ ਕਾਬੂ ਕਰ ਲਿਆ। ਇਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਲੋਹੇ ਦੀਆਂ ਗਰਿੱਲਾਂ ਨਾਲ ਬੰਨ੍ਹ ਦਿੱਤਾ ਅਤੇ ਪੁਲਿਸ ਨੂੰ ਸੂਚਨਾ ਦਿੱਤੀ।

ਮੌਕੇ 'ਤੇ ਬਣਾਈ ਗਈ ਵੀਡੀਓ ਵਿੱਚ ਨੌਜਵਾਨ ਖੁਦ ਨੂੰ ਚਿੱਟੇ ਦੇ ਨਸ਼ੇ ਦਾ ਆਦੀ ਦੱਸਦਾ ਨਜ਼ਰ ਆ ਰਿਹਾ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਰੋਜ਼ਾਨਾ ਲਗਭਗ 1,000 ਤੋਂ 1,500 ਰੁਪਏ ਤੱਕ ਦਾ ਨਸ਼ਾ ਕਰਦਾ ਹੈ। ਉਸ ਮੁਤਾਬਕ ਪਿਛਲੇ ਦੋ ਦਿਨਾਂ ਤੋਂ ਨਸ਼ਾ ਨਾ ਮਿਲਣ ਕਾਰਨ ਉਸ ਨੂੰ ਤੋੜ ਲੱਗ ਰਹੀ ਸੀ।

ਵੀਡੀਓ ਵਿੱਚ ਨੌਜਵਾਨ ਨੇ ਦੱਸਿਆ ਕਿ ਉਸ ਦੇ ਇੱਕ ਸਾਥੀ ਨੇ ਨਸ਼ਾ ਦਿਵਾਉਣ ਦੇ ਬਦਲੇ ਸਕੂਟਰੀ ਚੋਰੀ ਕਰਨ ਲਈ ਕਿਹਾ ਸੀ। ਉਸ ਦੇ ਦਾਅਵੇ ਮੁਤਾਬਕ ਸਕੂਟਰੀ ਚੋਰੀ ਕਰਕੇ ਅੱਗੇ ਵੇਚਣੀ ਸੀ ਅਤੇ ਇਸ ਤੋਂ ਮਿਲਣ ਵਾਲੇ ਪੈਸਿਆਂ ਨਾਲ ਨਸ਼ਾ ਖਰੀਦਣਾ ਸੀ। ਉਸ ਨੇ ਇਹ ਵੀ ਕਿਹਾ ਕਿ ਨਸ਼ੇ ਦੀ ਲਤ ਕਾਰਨ ਉਸ ਨੂੰ ਪੈਸਿਆਂ ਦਾ ਇੰਤਜ਼ਾਮ ਕਰਨ ਲਈ ਚੋਰੀ ਵਰਗੇ ਕੰਮ ਕਰਨੇ ਪੈਂਦੇ ਹਨ।

ਕਾਬੂ ਕੀਤੇ ਨੌਜਵਾਨ ਨੇ ਵੀਡੀਓ ਦੌਰਾਨ ਸੰਗਰੂਰ ਦੇ ਇੱਕ ਮੁਹੱਲੇ ਦਾ ਨਾਮ ਲੈਂਦਿਆਂ ਉੱਥੇ ਚਿੱਟਾ ਸ਼ਰੇਆਮ ਵਿਕਣ ਦਾ ਦਾਅਵਾ ਵੀ ਕੀਤਾ। ਹਾਲਾਂਕਿ ਉਸ ਵੱਲੋਂ ਲਗਾਏ ਗਏ ਇਨ੍ਹਾਂ ਦੋਸ਼ਾਂ ਦੀ ਅਜੇ ਪੁਲਿਸ ਵੱਲੋਂ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ।

ਘਟਨਾ ਤੋਂ ਬਾਅਦ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਪੁਲਿਸ ਨੂੰ ਬੁਲਾਇਆ। ਪੁਲਿਸ ਟੀਮ ਨੇ ਉੱਥੇ ਪਹੁੰਚ ਕੇ ਨੌਜਵਾਨ ਨੂੰ ਆਪਣੇ ਨਾਲ ਲੈ ਗਈ। ਸਕੂਟਰੀ ਦੇ ਮਾਲਕ ਨੇ ਵੀ ਦੱਸਿਆ ਕਿ ਨੌਜਵਾਨ ਨੇ ਖੁਦ ਚੋਰੀ ਕਰਨ ਦੀ ਗੱਲ ਮੰਨੀ ਹੈ ਅਤੇ ਸਕੂਟਰੀ ਵੇਚ ਕੇ ਨਸ਼ਾ ਖਰੀਦਣ ਦੀ ਯੋਜਨਾ ਬਣਾਈ ਸੀ।

ਇਸ ਘਟਨਾ ਨੇ ਇੱਕ ਵਾਰ ਫਿਰ ਨਸ਼ਿਆਂ ਦੀ ਲਤ ਕਾਰਨ ਨੌਜਵਾਨਾਂ ਦੇ ਅਪਰਾਧ ਵੱਲ ਜਾਣ ਦੇ ਖ਼ਤਰੇ ਨੂੰ ਉਜਾਗਰ ਕੀਤਾ ਹੈ। ਹਾਲਾਂਕਿ ਨੌਜਵਾਨ ਵੱਲੋਂ ਵੀਡੀਓ ਵਿੱਚ ਕੀਤੇ ਗਏ ਦਾਅਵਿਆਂ, ਨਸ਼ਾ ਸਪਲਾਈ ਕਰਨ ਵਾਲੇ ਵਿਅਕਤੀ ਅਤੇ ਦੱਸੇ ਗਏ ਇਲਾਕੇ ਬਾਰੇ ਪੁਲਿਸ ਜਾਂਚ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ।

ਵਪਾਰ

ਧਨਤੇਰਸ 'ਤੇ ਭਿਵਾਨੀ ਬਾਜ਼ਾਰਾਂ 'ਚ ਦੋਪਹੀਆ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ

ਭਿਵਾਨੀ: ਦੀਵਾਲੀ ਅਤੇ ਧਨਤੇਰਸ 'ਤੇ ਬਾਜ਼ਾਰਾਂ ਵਿੱਚ ਹੋਣ ਵਾਲੀ ਭਾਰੀ ਭੀੜ ਨੂੰ ਦੇਖਦੇ ਹੋਏ, ਭਿਵਾਨੀ ਪੁਲਿਸ ਨੇ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਹਨ। ਤਿਉਹਾਰ ਦੇ ਦੌਰਾਨ ਸ਼ਹਿਰ ਦੇ ਮੁੱਖ ਵਪਾਰਕ ਖੇਤਰਾਂ ਵਿੱਚ ਸ਼ਾਂਤੀ, ਸੁਰੱਖਿਆ ਅਤੇ ਸੁਚਾਰੂ ਆਵਾਜਾਈ ਨੂੰ ਬਣਾਈ ਰੱਖਣ ਦੇ ਲਈ ਪੁਲਿਸ ਪ੍ਰਸ਼ਾਸਨ ਨੇ ਮਾਸਟਰ ਪਲਾਨ ਤਿਆਰ ਕੀਤਾ ਹੈ। ਧਨਤੇਰਸ ਵਾਲੇ ਦਿਨ ਖਰੀਦਦਾਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਜ਼ਾਰਾਂ ਵਿੱਚ ਦੋ ਪਹੀਆ ਵਾਹਨਾਂ ਦੇ ਦਾਖਲ ਹੋਣ 'ਤੇ ਵੀ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਚਾਰ ਪਹੀਆ ਵਾਹਨਾਂ ਅਤੇ ਵੱਡੇ ਵਾਹਨਾਂ ਦੀ ਐਂਟਰੀ ਸ਼ਹਿਰ ਦੇ ਅੰਦਰੂਨੀ ਬਾਜ਼ਾਰਾਂ ਵਿੱਚ ਪਹਿਲਾਂ ਤੋਂ ਹੀ ਪਾਬੰਦੀ ਹੈ।

ਸ਼ਹਿਰ ਪੁਲਿਸ ਸਟੇਸ਼ਨ ਦੇ ਐਸ.ਐਚ.ਓ. ਜਰਨੈਲ ਸਿੰਘ ਨੇ ਸੁਰੱਖਿਆ ਪ੍ਰਬੰਧਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਿਸ ਨੇ ਸ਼ਹਿਰ ਦੇ ਪੰਜ ਬਹੁਤ ਹੀ ਸੰਵੇਦਨਸ਼ੀਲ ਅਤੇ ਵਿਅਸਤ ਖੇਤਰਾਂ ਵਿੱਚ ਵਿਸ਼ੇਸ਼ ਨਾਕਾਬੰਦੀ ਦੀ ਯੋਜਨਾ ਬਣਾਈ ਹੈ। ਇਨ੍ਹਾਂ ਥਾਵਾਂ 'ਤੇ ਉੱਚੇ ਵਾਚਟਾਵਰ ਬਣਾਏ ਜਾ ਰਹੇ ਹਨ, ਜਿੱਥੇ ਚੌਕਸ ਸਿਪਾਹੀ ਉੱਚਾਈ ਤੋਂ ਭੀੜ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣਗੇ।

ਫ਼ਿਲਮੀ ਦੁਨੀਆ



ਧਨਤੇਰਸ 'ਤੇ ਭਿਵਾਨੀ ਬਾਜ਼ਾਰਾਂ 'ਚ ਦੋਪਹੀਆ ਵਾਹਨਾਂ ਦੇ ਦਾਖਲੇ 'ਤੇ ਪਾਬੰਦੀ (ਜਾਰੀ)

ਇਸ ਤੋਂ ਇਲਾਵਾ, ਸ਼ੱਕੀ ਤੱਤਾਂ ਨੂੰ ਰੋਕਣ ਲਈ, ਸਾਦੇ ਕੱਪੜਿਆਂ ਵਿੱਚ ਖੁਫੀਆ ਬਲਾਂ ਨੂੰ ਵਰਦੀਧਾਰੀ ਪੁਲਿਸ ਅਧਿਕਾਰੀਆਂ ਦੇ ਨਾਲ ਤਾਇਨਾਤ ਕੀਤਾ ਜਾਵੇਗਾ। ਤੇਜ਼ ਕਾਰਵਾਈ ਲਈ, ਚਾਰ ਵਿਸ਼ੇਸ਼ ਬਾਈਕ ਸਵਾਰਾਂ ਦੀ ਇੱਕ ਟੀਮ ਦਿਨ-ਰਾਤ ਬਾਜ਼ਾਰਾਂ ਵਿੱਚ ਗਸ਼ਤ ਕਰੇਗੀ।

ਤਿਉਹਾਰਾਂ ਦੇ ਸੀਜ਼ਨ ਦੌਰਾਨ ਸਭ ਤੋਂ ਵੱਡੀ ਪਾਰਕਿੰਗ ਚੁਣੌਤੀ ਨੂੰ ਹੱਲ ਕਰਨ ਲਈ, ਪੁਲਿਸ ਨੇ ਹਸਪਤਾਲ ਪ੍ਰਸ਼ਾਸਨ ਨਾਲ ਤਾਲਮੇਲ ਕੀਤਾ ਹੈ। ਪੁਰਾਣੇ ਸਿਵਲ ਹਸਪਤਾਲ ਦੀ ਇਮਾਰਤ ਵਿੱਚ ਖਾਲੀ ਵਾਰਡਾਂ ਦੇ ਨੇੜੇ ਤਿੰਨ ਦਿਨਾਂ ਲਈ ਇੱਕ ਅਸਥਾਈ ਪਾਰਕਿੰਗ ਜਗ੍ਹਾ ਬਣਾਈ ਗਈ ਹੈ। ਬਾਜ਼ਾਰ ਵਿੱਚ ਆਉਣ ਵਾਲੇ ਲੋਕ ਇਸ ਅਸਥਾਈ ਪਾਰਕਿੰਗ ਵਿੱਚ ਆਪਣੇ ਵਾਹਨ ਪਾਰਕ ਕਰ ਸਕਦੇ ਹਨ ਅਤੇ ਆਸਾਨੀ ਨਾਲ ਸ਼ਾਪਿੰਗ ਏਰੀਆ ਤੱਕ ਪੈਦਲ ਜਾ ਸਕਦੇ ਹਨ। ਪਾਰਕਿੰਗ ਵਿੱਚ ਆਉਣ ਅਤੇ ਜਾਣ ਲਈ ਵਾਹਨਾਂ ਦਾ ਰਸਤਾ ਹਸਪਤਾਲ ਦੇ ਗੇਟ ਨੰਬਰ 1 ਤੋਂ ਸਥਾਪਤ ਕੀਤਾ ਗਿਆ ਹੈ।

ਸਰਾਏ ਚੌਪਾਟਾ ਦੇ ਐਸ.ਐਸ.ਡੀ. ਸਕੂਲ ਕੈਂਪਸ ਵਿੱਚ ਜਨਤਾ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਸਮਰਪਿਤ "ਪੁਲਿਸ ਹੈਲਪ ਡੈਸਕ" ਸਥਾਪਤ ਕੀਤਾ ਜਾ ਰਿਹਾ ਹੈ। ਖਰੀਦਦਾਰੀ ਕਰਦੇ ਸਮੇਂ ਜੇਬਕੱਟਣ, ਗੁੰਮ ਹੋਈਆਂ ਚੀਜ਼ਾਂ, ਜਾਂ ਕਿਸੇ ਹੋਰ ਐਮਰਜੈਂਸੀ ਦੀ ਸਥਿਤੀ ਵਿੱਚ, ਲੋਕ ਇਸ ਹੈਲਪ ਡੈਸਕ 'ਤੇ ਤਾਇਨਾਤ ਪੁਲਿਸ ਕਰਮਚਾਰੀਆਂ ਤੋਂ ਸਿੱਧੀ ਸਹਾਇਤਾ ਲੈ ਸਕਣਗੇ।

ਦੇਸ਼ • ਭਾਰਤ

ਕੈਨੇਡੀਅਨ ਮਾਰਕ ਕਾਰਨੀ ਨੇ ਕੀਤੀ ਭਾਰਤ ਦੀ ਤਾਰੀਫ਼

ਓਟਾਵਾ: ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਦੀ ਵਿਸ਼ਵ ਪੱਧਰ 'ਤੇ ਵਧ ਰਹੀ ਭੂਮਿਕਾ ਨੂੰ ਲੈ ਕੇ ਅਹਿਮ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ 'ਮੱਧਮ ਤਾਕਤ' ਦੇਸ਼ਾਂ ਦੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਭਾਰਤ ਦੀਆਂ ਇੱਛਾਵਾਂ ਅਤੇ ਤਰੱਕੀ ਦਾ ਰਾਹ ਬਿਲਕੁਲ ਵੱਖਰਾ ਹੈ।

ਮਾਰਕ ਕਾਰਨੀ ਨੇ ਇੱਕ ਇੰਟਰਵਿਊ ਦੌਰਾਨ ਕਿਹਾ ਕਿ ਜੇਕਰ ਕੈਨੇਡਾ ਨੂੰ ਮੱਧਮ ਤਾਕਤ ਵਾਲਾ ਦੇਸ਼ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ। ਪਰ ਭਾਰਤ ਦੀ ਸਥਿਤੀ ਇਸ ਤੋਂ ਵੱਖਰੀ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, ਭਾਰਤ ਦੀ ਦਿਸ਼ਾ ਅਤੇ ਵਿਸ਼ਵ ਪੱਧਰ 'ਤੇ ਉਸ ਦੀਆਂ ਇੱਛਾਵਾਂ ਕਾਫ਼ੀ ਵੱਖਰੀਆਂ ਹਨ।

ਕਾਰਨੀ ਦੀ ਇਸ ਟਿੱਪਣੀ ਨੂੰ ਭਾਰਤ ਦੇ ਵਧਦੇ ਅੰਤਰਰਾਸ਼ਟਰੀ ਪ੍ਰਭਾਵ ਅਤੇ ਵਿਸ਼ਵ ਰਾਜਨੀਤੀ ਵਿੱਚ ਉਸ ਦੀ ਅਹਿਮੀਅਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਭਾਰਤ ਵੱਖ-ਵੱਖ ਦੇਸ਼ਾਂ ਨਾਲ ਵਪਾਰਕ, ਆਰਥਿਕ ਅਤੇ ਰਣਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਦਾ ਇਹ ਬਿਆਨ ਅਜਿਹੇ ਸਮੇਂ ਸਾਹਮਣੇ ਆਇਆ ਹੈ, ਜਦੋਂ ਦੋਵੇਂ ਦੇਸ਼ ਆਪਣੇ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਅਤੇ ਵਪਾਰਕ ਸਹਿਯੋਗ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਰਨੀ ਦੀ ਇਹ ਟਿੱਪਣੀ ਸੋਸ਼ਲ ਮੀਡੀਆ 'ਤੇ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਅਤੇ ਲੋਕ ਇਸ 'ਤੇ ਵੱਖ-ਵੱਖ ਪ੍ਰਤੀਕਿਰਿਆਵਾਂ ਦੇ ਰਹੇ ਹਨ।

ਪੰਜਾਬ

ਪਾਣੀਪਤ ਦੇ ਜੀ.ਟੀ. ਰੋਡ 'ਤੇ ਪਲਟਿਆ ਸੇਬਾਂ ਨਾਲ ਭਰਿਆ ਟਰੱਕ

ਪਾਣੀਪਤ: ਨੈਸ਼ਨਲ ਹਾਈਵੇਅ 44 (ਜੀਟੀ ਰੋਡ) 'ਤੇ ਪਾਣੀਪਤ ਫਲਾਈਓਵਰ ਦੇ ਉੱਪਰ ਅੱਜ ਸਵੇਰੇ ਇੱਕ ਵੱਡਾ ਹਾਦਸਾ ਵਾਪਰਿਆ ਹੈ। ਦਿੱਲੀ ਤੋਂ ਚੰਡੀਗੜ੍ਹ ਜਾ ਰਿਹਾ ਸੇਬਾਂ ਦੇ ਡੱਬਿਆਂ ਨਾਲ ਭਰਿਆ ਇੱਕ ਤੇਜ਼ ਰਫ਼ਤਾਰ ਟਰੱਕ ਅਚਾਨਕ ਕਾਬੂ ਤੋਂ ਬਾਹਰ ਹੋ ਗਿਆ ਅਤੇ ਸੜਕ ਦੇ ਵਿਚਕਾਰ ਪਲਟ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਟਰੱਕ ਪਲਟ ਦੇ ਹੀ ਉਸ ਵਿੱਚ ਭਾਰੀ ਸੇਬਾਂ ਦੀਆਂ ਬਹੁਤ ਸਾਰਿਆਂ ਪੇਟਿਆਂ ਟੁੱਟ ਕੇ ਹਾਈਵੇ 'ਤੇ ਖਿੰਡ ਗਿਆ। ਸਵੇਰੇ ਹੋਏ ਇਸ ਹਾਦਸੇ ਕਾਰਨ ਜੀਟੀ ਰੋਡ 'ਤੇ ਆਵਾਜਾਈ ਠੱਪ ਹੋ ਗਈ, ਅਤੇ ਕੁਝ ਸਕਿੰਟਾਂ ਵਿੱਚ ਹੀ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ।

ਪ੍ਰਾਪਤ ਜਾਣਕਾਰੀ ਦੇ ਅਨੁਸਾਰ, ਇਹ ਹਾਦਸਾ ਅੱਜ ਸਵੇਰੇ ਲਗਭਗ 4 ਵਜੇ ਹੋਇਆ। ਸੇਬਾਂ ਨਾਲ ਲੱਦਿਆਂ ਟਰੱਕ ਜਦੋਂ ਪਾਣੀਪਤ ਦੇ ਜੀਟੀ ਰੋਡ ਫਲਾਈਓਵਰ ਤੋਂ ਲੰਘ ਰਿਹਾ ਸੀ, ਤਾਂ ਡਰਾਈਵਰ ਨੇ ਅਚਾਨਕ ਆਪਣਾ ਕੰਟਰੋਲ ਗੁਆ ਦਿੱਤਾ। ਕੰਟਰੋਲ ਤੋਂ ਬਾਹਰ ਹੋ ਕੇ ਟਰੱਕ ਡਿਵਾਈਡਰ ਦੇ ਨਾਲ ਸੜਕ ਤੇ ਪਲਟ ਗਿਆ। ਖੁਸ਼ਕਿਸਮਤੀ ਨਾਲ, ਉਸ ਸਮੇਂ ਫਲਾਈਓਵਰ 'ਤੇ ਬਹੁਤ ਘੱਟ ਆਵਾਜਾਈ ਸੀ, ਜਿਸ





ਪਾਣੀਪਤ ਦੇ ਜੀ.ਟੀ. ਰੋਡ 'ਤੇ ਪਲਟਿਆ ਸੇਬਾਂ ਨਾਲ ਭਰਿਆ ਟਰੱਕ

ਪਾਣੀਪਤ ਦੇ ਜੀ.ਟੀ. ਰੋਡ 'ਤੇ ਪਲਟਿਆ ਸੇਬਾਂ ਨਾਲ ਭਰਿਆ ਟਰੱਕ (ਜਾਰੀ)

ਕਾਰਨ ਕੋਈ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਹਾਲਾਂਕਿ, ਸੇਬ ਸੜਕ 'ਤੇ ਖਿੰਡ ਗਏ, ਜਿਸ ਨਾਲ ਪੂਰਾ ਰਸਤਾ ਪੂਰੀ ਤਰ੍ਹਾਂ ਬੰਦ ਹੋ ਗਿਆ।

ਹਾਦਸੇ ਦੀ ਖ਼ਬਰ ਮਿਲਦੇ ਹੀ ਬਾਬਰਪੁਰ ਟ੍ਰੈਫਿਕ ਪੁਲਿਸ ਸਟੇਸ਼ਨ ਦੀ ਇੱਕ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਪੁਲਿਸ ਅਧਿਕਾਰੀਆਂ ਨੇ ਰਾਹਗੀਰਾਂ ਦੀ ਮਦਦ ਨਾਲ ਪਹਿਲਾਂ ਸੜਕ 'ਤੇ ਖਿੰਡੇ ਹੋਏ ਸੇਬਾਂ ਦੇ ਕਰੇਟ ਹਟਾਏ ਅਤੇ ਉਨ੍ਹਾਂ ਨੂੰ ਸਾਈਡ 'ਤੇ ਲਿਜਾਇਆ ਤਾਂ ਜੋ ਫਸੇ ਹੋਏ ਵਾਹਨਾਂ ਨੂੰ ਬਾਹਰ ਕੱਢਿਆ ਜਾ ਸਕੇ। ਇਸ ਤੋਂ ਬਾਅਦ, ਕਰੇਨ ਦੀ ਮਦਦ ਨਾਲ ਹਾਦਸਾਗ੍ਰਸਤ ਟਰੱਕ ਨੂੰ ਇੱਕ ਪਾਸੇ ਲਿਜਾਇਆ ਗਿਆ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਪੁਲਿਸ ਨੇ ਦੂਜਾ ਟਰੱਕ ਬੁਲਾਇਆ, ਜਿਸ ਨੂੰ ਫਿਰ ਕਰੇਟਾਂ ਨਾਲ ਸੁਰੱਖਿਅਤ ਢੰਗ ਨਾਲ ਲੋਡ ਕੀਤਾ ਗਿਆ ਅਤੇ ਇਸਨੂੰ ਉਸਦੀ ਮੰਜ਼ਿਲ 'ਤੇ ਭੇਜਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ।

ਘਟਨਾ ਦੀ ਜਾਣਕਾਰੀ ਦਿੰਦੇ ਹੋਏ, ਬਾਬਰਪੁਰ ਟ੍ਰੈਫਿਕ ਸਟੇਸ਼ਨ ਦੇ ਇੰਚਾਰਜ ਅਨਿਲ ਕੁਮਾਰ ਨੇ ਕਿਹਾ ਕਿ ਸਵੇਰੇ ਜੀਟੀ ਰੋਡ ਫਲਾਈਓਵਰ 'ਤੇ ਇੱਕ ਟਰੱਕ ਦੇ ਪਲਟਣ ਦੀ ਸੂਚਨਾ ਮਿਲਦੇ ਹੀ ਇੱਕ ਪੁਲਿਸ ਟੀਮ ਨੂੰ ਘਟਨਾ ਸਥਾਨ 'ਤੇ ਭੇਜਿਆ ਗਿਆ। ਸੜਕ 'ਤੇ ਖਿੰਡੇ ਹੋਏ ਸੇਬਾਂ ਨੂੰ ਸਾਫ਼ ਕਰਕੇ ਪਹਿਲ ਦੇ ਆਧਾਰ 'ਤੇ ਆਵਾਜਾਈ ਬਹਾਲ ਕੀਤੀ ਗਈ। ਹਾਦਸਾਗ੍ਰਸਤ ਵਾਹਨ ਨੂੰ ਹਟਾ ਦਿੱਤਾ ਗਿਆ ਹੈ ਅਤੇ ਸਾਮਾਨ ਨੂੰ ਦੂਜੇ ਟਰੱਕ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਤਾਂ ਜੋ ਮਾਲਕ ਨੂੰ ਜ਼ਿਆਦਾ ਨੁਕਸਾਨ ਨਾ ਹੋਵੇ ਅਤੇ ਹਾਈਵੇਅ 'ਤੇ ਸਥਿਤੀ ਪੂਰੀ ਤਰ੍ਹਾਂ ਆਮ ਰਹੇ।

ਪੰਜਾਬ

ਜੰਮੂ-ਕਸ਼ਮੀਰ ਤੋਂ ਬਾਅਦ ਹੁਣ ਮਿਜ਼ੋਰਮ 'ਚ ਭੂਚਾਲ ਦੇ ਝਟਕੇ

ਮਿਜ਼ੋਰਮ: ਭਾਰਤ ਦੇ ਉੱਤਰ-ਪੂਰਬੀ ਸੂਬੇ ਮਿਜ਼ੋਰਮ ਵਿੱਚ ਦੇਰ ਰਾਤ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 3.7 ਦਰਜ ਕੀਤੀ ਗਈ। ਭੂਚਾਲ ਦੇ ਝਟਕੇ ਰਾਤ ਕਰੀਬ 11 ਵੱਜ ਕੇ 45 ਮਿੰਟ 'ਤੇ ਆਏ।

ਇਸ ਦੀ ਡੂੰਘਾਈ ਧਰਤੀ ਦੇ ਅੰਦਰ ਕਰੀਬ 24 ਕਿਲੋਮੀਟਰ ਦਰਜ ਕੀਤੀ ਗਈ। ਭੂਚਾਲ ਦੀ ਤੀਬਰਤਾ 3.7 ਹੋਣ ਕਾਰਨ ਇਸ ਨੂੰ ਘੱਟ ਤੀਬਰਤਾ ਵਾਲੇ ਭੂਚਾਲ ਵਜੋਂ ਦੇਖਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 30 ਅਕਤੂਬਰ ਨੂੰ ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ। ਉਸ ਸਮੇਂ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 3.6 ਦਰਜ ਕੀਤੀ ਗਈ ਸੀ ਅਤੇ ਇਸ ਦਾ ਕੇਂਦਰ ਧਰਤੀ ਤੋਂ ਕਰੀਬ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਝਟਕੇ ਮਹਿਸੂਸ ਹੋਣ ਤੋਂ ਬਾਅਦ ਲੋਕ ਘਰਾਂ ਤੋਂ ਬਾਹਰ ਨਿਕਲ ਆਏ ਸਨ।

ਧਰਤੀ ਦੇ ਅੰਦਰ ਕਈ ਵੱਡੀਆਂ ਟੈਕਟੋਨਿਕ ਪਲੇਟਾਂ ਮੌਜੂਦ ਹਨ। ਜਦੋਂ ਇਹ ਪਲੇਟਾਂ ਆਪਸ ਵਿੱਚ ਟਕਰਾਉਂਦੀਆਂ, ਰਗੜ ਖਾਂਦੀਆਂ ਜਾਂ ਆਪਣੀ ਜਗ੍ਹਾ ਤੋਂ ਖਿਸਕਦੀਆਂ ਹਨ ਤਾਂ ਧਰਤੀ ਦੇ ਅੰਦਰ ਊਰਜਾ ਇਕੱਠੀ ਹੋ ਜਾਂਦੀ ਹੈ। ਜਦੋਂ ਇਹ ਊਰਜਾ ਅਚਾਨਕ ਬਾਹਰ ਨਿਕਲਦੀ ਹੈ ਤਾਂ ਧਰਤੀ ਦੀ ਸਤ੍ਹਾ 'ਤੇ ਕੰਪਨ ਪੈਦਾ ਹੁੰਦਾ ਹੈ, ਜਿਸ ਨੂੰ ਅਸੀਂ ਭੂਚਾਲ ਦੇ ਰੂਪ ਵਿੱਚ ਮਹਿਸੂਸ ਕਰਦੇ ਹਾਂ।

ਪੰਜਾਬ

ਪੰਜਾਬ 'ਚ ਸਵੇਰੇ-ਸ਼ਾਮ ਵਧੇਗੀ ਠੰਢ , 10 ਨਵੰਬਰ ਤੋਂ ਮੀਂਹ ਪੈਣ ਦੀ ਸੰਭਾਵਨਾ ਜਾਰੀ

ਪੰਜਾਬ: ਪੰਜਾਬ 'ਚ ਹੁਣ ਹੌਲੀ-ਹੌਲੀ ਠੰਡ ਵਧਣ ਲੱਗੀ ਹੈ। ਤੁਹਾਨੂੰ ਦੱਸ ਦੇਈਏ ਕਿ ਦਿਨ ਵੇਲੇ ਧੁੱਪ ਕਾਰਨ ਮੌਸਮ ਗਰਮ ਰਹਿੰਦਾ ਹੈ ਪਰ ਸਵੇਰੇ ਅਤੇ ਰਾਤ ਨੂੰ ਹਲਕੀ ਠੰਡ ਮਹਿਸੂਸ ਕੀਤੀ ਜਾ ਰਹੀ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ ਵਿੱਚ 9 ਨਵੰਬਰ ਤੱਕ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਦੀਵਾਲੀ ਮੌਕੇ ਵੀ ਮੌਸਮ ਸਾਫ਼ ਰਹਿਣ ਦੀ ਸੰਭਾਵਨਾ ਹੈ।

ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਦੇ ਵੱਧ ਤੋਂ ਵੱਧ ਤਾਪਮਾਨ ਵਿੱਚ 0.4 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਫਰੀਦਕੋਟ ਵਿੱਚ 32.8 ਡਿਗਰੀ ਰਿਹਾ।

ਪੰਜਾਬ ਦੇ ਕਈ ਸ਼ਹਿਰਾਂ ਵਿੱਚ ਰਾਤ ਦਾ ਤਾਪਮਾਨ ਘਟਣਾ ਸ਼ੁਰੂ ਹੋ ਗਿਆ ਹੈ। ਬੀਤੇ ਦਿਨ ਚੰਡੀਗੜ੍ਹ 'ਚ ਘੱਟੋ-ਘੱਟ ਤਾਪਮਾਨ 15.2 ਡਿਗਰੀ, ਮੋਹਾਲੀ 'ਚ 16.8 ਡਿਗਰੀ, ਅੰਮ੍ਰਿਤਸਰ 'ਚ 14.9 ਡਿਗਰੀ, ਲੁਧਿਆਣਾ 'ਚ 15 ਡਿਗਰੀ ਅਤੇ ਪਟਿਆਲਾ 'ਚ 15.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਦੇ ਨਾਲ ਹੀ ਫਰੀਦਕੋਟ ਵਿੱਚ ਰਾਤ ਦਾ ਤਾਪਮਾਨ 13 ਡਿਗਰੀ ਰਿਹਾ। ਮੌਸਮ ਵਿਭਾਗ ਅਨੁਸਾਰ ਫਿਲਹਾਲ ਤੇਜ਼ ਠੰਡ ਦੀ ਸੰਭਾਵਨਾ ਨਹੀਂ ਹੈ ਪਰ ਸਵੇਰ ਅਤੇ ਸ਼ਾਮ ਨੂੰ ਠੰਡ ਦਾ ਪ੍ਰਭਾਵ ਵਧ ਸਕਦਾ ਹੈ।

ਮੌਸਮ ਵਿਭਾਗ ਮੁਤਾਬਕ ਪੱਛਮੀ ਗੜਬੜੀ ਪਹਾੜੀ ਇਲਾਕਿਆਂ ਵੱਲ ਵਧ ਰਹੀ ਹੈ। ਇਸ ਤੋਂ ਬਾਅਦ 10 ਨਵੰਬਰ ਦੇ ਆਸਪਾਸ ਇੱਕ ਹੋਰ ਪੱਛਮੀ ਗੜਬੜੀ ਸਰਗਰਮ ਹੋ ਸਕਦੀ ਹੈ। ਇਸ ਦਾ ਅਸਰ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਰਾਜਾਂ ਵਿੱਚ ਦੇਖਿਆ ਜਾ ਸਕਦਾ ਹੈ। ਇਸ ਕਾਰਨ ਮੀਂਹ ਪੈਣ ਦੀ ਵੀ ਸੰਭਾਵਨਾ ਹੈ। ਹਾਲਾਂਕਿ ਪੰਜਾਬ ਅਤੇ ਚੰਡੀਗੜ੍ਹ 'ਚ ਮੀਂਹ ਦੀ ਪੂਰੀ ਜਾਣਕਾਰੀ ਹਾਲੇ ਸਾਹਮਣੇ ਨਹੀਂ ਆਈ ਹੈ।

ਪੰਜਾਬ 'ਚ ਅਗਲੇ ਦੋ ਚਾਰ ਦਿਨਾਂ ਤੱਕ ਪਹਾੜਾਂ ਤੋਂ ਠੰਡੀਆਂ ਹਵਾਵਾਂ ਚੱਲਦੀਆਂ ਰਹਿਣਗੀਆਂ।

ਪੰਜਾਬ 'ਚ ਸਵੇਰੇ-ਸ਼ਾਮ ਵਧੇਗੀ ਠੰਢ , 10 ਨਵੰਬਰ ਤੋਂ ਮੀਂਹ ਪੈਣ ਦੀ ਸੰਭਾਵਨਾ ਜਾਰੀ (ਜਾਰੀ)

ਇਨ੍ਹਾਂ ਹਵਾਵਾਂ ਦਾ ਪ੍ਰਭਾਵ ਦੀਵਾਲੀ ਤੱਕ ਜਾਰੀ ਰਹਿ ਸਕਦਾ ਹੈ। ਇਸ ਤੋਂ ਬਾਅਦ ਹਵਾ ਦੀ ਰਫ਼ਤਾਰ ਘੱਟ ਹੋਣ ਦੀ ਉਮੀਦ ਹੈ। ਧੀਮੀ ਹਵਾ ਕਾਰਨ ਪ੍ਰਦੂਸ਼ਣ ਵਧ ਸਕਦਾ ਹੈ। ਅਜਿਹੇ 'ਚ ਪੰਜਾਬ ਅਤੇ ਚੰਡੀਗੜ੍ਹ ਦੇ ਲੋਕਾਂ ਨੂੰ ਖਰਾਬ ਹਵਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪੰਜਾਬ ਦੇ ਕਈ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਵਿਗੜ ਰਹੀ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ ਖੰਨਾ ਵਿੱਚ ਸਭ ਤੋਂ ਵੱਧ 262 ਦਰਜ ਕੀਤਾ ਗਿਆ। ਜਦੋਂ ਕਿ ਪਟਿਆਲਾ ਵਿੱਚ 208 ਸੀ। ਇਨ੍ਹਾਂ ਦੋਵਾਂ ਸ਼ਹਿਰਾਂ ਵਿੱਚ ਹਵਾ ਦੀ ਹਾਲਤ ਖਰਾਬ ਹੈ।

ਪੰਜਾਬ

ਖੇਡਾਂ ਵਤਨ ਪੰਜਾਬ ਦੀਆਂ-ਘੋੜਸਵਾਰੀ ਮੁਕਾਬਲਿਆਂ ਦਾ ਬਦਲਿਆ ਸ਼ਡਿਊਲ

ਚੰਡੀਗੜ੍ਹ: ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਕਰਵਾਏ ਜਾਣ ਵਾਲੇ ਸੂਬਾ ਪੱਧਰੀ ਘੋੜਸਵਾਰੀ ਮੁਕਾਬਲਿਆਂ ਦੀਆਂ ਤਰੀਕਾਂ ਵਿੱਚ ਤਬਦੀਲੀ ਕੀਤੀ ਗਈ ਹੈ। ਪਹਿਲਾਂ ਇਹ ਮੁਕਾਬਲੇ 17 ਤੋਂ 23 ਨਵੰਬਰ ਤੱਕ ਕਰਵਾਉਣ ਦੀ ਯੋਜਨਾ ਸੀ, ਪਰ ਹੁਣ ਨਵੀਆਂ ਤਰੀਕਾਂ ਮੁਤਾਬਕ ਇਹ ਮੁਕਾਬਲੇ 11 ਤੋਂ 13 ਨਵੰਬਰ 2026 ਤੱਕ ਹੋਣਗੇ।

ਖੇਡ ਵਿਭਾਗ ਦੇ ਬੁਲਾਰੇ ਅਨੁਸਾਰ, ਇਹ ਮੁਕਾਬਲੇ ਹੁਣ ਜਲੰਧਰ ਸਥਿਤ ਪੀਏਪੀ ਕੈਂਪਸ ਵਿਖੇ ਕਰਵਾਏ ਜਾਣਗੇ। ਤਰੀਕਾਂ ਵਿੱਚ ਬਦਲਾਅ ਕਰਨ ਦਾ ਮੁੱਖ ਮਕਸਦ ਵੱਧ ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣਾ ਹੈ।

ਬੁਲਾਰੇ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਪਬਲਿਕ ਅਤੇ ਸੈਨਿਕ ਸਕੂਲਾਂ ਦੇ ਵਿਦਿਆਰਥੀ 'ਇੰਡੀਅਨ ਪਬਲਿਕ ਸਕੂਲਜ਼ ਘੋੜਸਵਾਰੀ ਚੈਂਪੀਅਨਸ਼ਿਪ' ਵਿੱਚ ਵੀ ਹਿੱਸਾ ਲੈ ਰਹੇ ਹਨ। ਇਹ ਚੈਂਪੀਅਨਸ਼ਿਪ 18 ਤੋਂ 21 ਨਵੰਬਰ ਤੱਕ ਦਿ ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਕਰਵਾਈ ਜਾ ਰਹੀ ਹੈ।

ਇਸੇ ਨੂੰ ਧਿਆਨ ਵਿੱਚ ਰੱਖਦਿਆਂ ਖੇਡ ਵਿਭਾਗ ਨੇ ਸੂਬਾ ਪੱਧਰੀ ਘੋੜਸਵਾਰੀ ਮੁਕਾਬਲਿਆਂ ਦੀਆਂ ਤਰੀਕਾਂ ਪਹਿਲਾਂ ਕਰਨ ਦਾ ਫ਼ੈਸਲਾ ਲਿਆ ਹੈ, ਤਾਂ ਜੋ ਸਕੂਲੀ ਖਿਡਾਰੀ ਦੋਵਾਂ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਣ।

ਵਿਭਾਗ ਵੱਲੋਂ ਸਬੰਧਤ ਖਿਡਾਰੀਆਂ, ਕੋਚਾਂ ਅਤੇ ਅਧਿਕਾਰੀਆਂ ਨੂੰ ਨਵੇਂ ਸ਼ਡਿਊਲ ਮੁਤਾਬਕ ਆਪਣੀਆਂ ਤਿਆਰੀਆਂ ਕਰਨ ਲਈ ਕਿਹਾ ਗਿਆ ਹੈ। ਹੁਣ ਸਾਰੇ ਘੋੜਸਵਾਰੀ ਮੁਕਾਬਲੇ 11 ਤੋਂ 13 ਨਵੰਬਰ ਤੱਕ ਪੀਏਪੀ ਕੈਂਪਸ, ਜਲੰਧਰ ਵਿਖੇ ਕਰਵਾਏ ਜਾਣਗੇ।

ਪੰਜਾਬ • ਮਾਨਸਾ

ਮਾਨਸਾ ਵਿਖੇ ਸੀਬੀਆਈ ਵੱਲੋਂ ਅਸ਼ਵਨੀ ਕੁਮਾਰ ਦੀ ਢਾਹੀ ਦੁਕਾਨ ਦੇ ਮਲਬੇ ਦੀ ਤਲਾਸ਼ੀ

ਮਾਨਸਾ ਵਿਖੇ ਸੀਬੀਆਈ ਵੱਲੋਂ ਅਸ਼ਵਨੀ ਕੁਮਾਰ ਦੀ ਢਾਹੀ ਦੁਕਾਨ ਦੇ ਮਲਬੇ ਦੀ ਤਲਾਸ਼ੀ, ਫੋਟੋ: ਮਾਨ।

ਮਾਨਸਾ ਵਿੱਚ ਸੀਬੀਆਈ ਟੀਮ ਵੱਲੋਂ ਅਸ਼ਵਨੀ ਕੁਮਾਰ ਦੀ ਦੁਕਾਨ ਦੇ ਮਲਬੇ ਦੀ ਮੁੜ ਜਾਂਚ ਆਰੰਭ ਕਰ ਦਿੱਤੀ ਗਈ ਹੈ। ਢਾਹੀ ਗਈ ਦੁਕਾਨ ਦਾ ਪੂਰਾ ਮਲਬਾ ਜੇਸੀਬੀ ਨਾਲ ਚੁੱਕਿਆ ਜਾ ਰਿਹਾ ਹੈ। ਮਾਨਸਾ ਵਿੱਚ ਸੀਬੀਆਈ ਦੀ ਟੀਮ ਵੱਲੋਂ ਅਸ਼ਵਨੀ ਕੁਮਾਰ ਦੀ ਦੁਕਾਨ ਦੇ ਮਲਬੇ ਵਿੱਚੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਇਸ ਕਾਰਵਾਈ ਦੌਰਾਨ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਵੀ ਘਟਨਾ ਸਥਾਨ 'ਤੇ ਮੌਜੂਦ ਹਨ।

ਜਾਣਕਾਰੀ ਅਨੁਸਾਰ, ਅਜੇ ਤੱਕ ਪੰਜਾਬ ਪੁਲੀਸ ਅਤੇ ਸੀਬੀਆਈ ਨੂੰ ਅਸ਼ਵਨੀ ਕੁਮਾਰ ਵੱਲੋਂ ਚਲਾਈ ਗਈ ਪਹਿਲੀ ਗੋਲੀ ਸਬੰਧੀ ਕੋਈ ਸਬੂਤ ਨਹੀਂ ਮਿਲਿਆ ਹੈ। ਇਸ ਦੇ ਚੱਲਦਿਆਂ ਹੁਣ ਜੇਸੀਬੀ ਮਸ਼ੀਨ ਦੀ ਮਦਦ ਨਾਲ ਦੁਕਾਨ ਦਾ ਪੂਰਾ ਮਲਬਾ ਚੁੱਕਿਆ ਜਾ ਰਿਹਾ ਹੈ, ਤਾਂ ਜੋ ਉਸ ਵਿੱਚੋਂ ਅਹਿਮ ਸਬੂਤ ਇਕੱਠੇ ਕੀਤੇ ਜਾ ਸਕਣ। ਘਟਨਾ ਨਾਲ ਜੁੜੇ ਸਬੂਤਾਂ ਦੀ ਭਾਲ ਲਈ ਜਾਂਚ ਟੀਮਾਂ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

ਪੰਜਾਬ

ਗੁਹਾਟੀ ਗੋਲੀਬਾਰੀ ਦਾ ਦੋਸ਼ੀ ਪੁਲਿਸ ਮੁਕਾਬਲੇ ਵਿਚ ਢੇਰ

ਗੁਹਾਟੀ, 4 ਨਵੰਬਰ- ਗੁਹਾਟੀ ਹੋਟਲ ਗੋਲੀਬਾਰੀ ਦੇ ਦੋਸ਼ੀ ਘਣਕਾਂਤ ਗੋਗੋਈ ਦੀ ਅੱਜ ਅਸਾਮ ਦੇ ਸ਼ਿਵਸਾਗਰ ਜ਼ਿਲ੍ਹੇ ਵਿਚ ਪੁਲਿਸ ਮੁਕਾਬਲੇ ਵਿਚ ਮੌਤ ਹੋ ਗਈ। ਉਸ 'ਤੇ 26 ਅਕਤੂਬਰ ਨੂੰ ਹੋਟਲ ਵਿਚ ਪੰਜ ਲੋਕਾਂ ਨੂੰ ਗੋਲੀ ਮਾਰ ਕੇ ਮਾਰਨ ਦਾ ਦੋਸ਼ ਸੀ। ਪੁਲਿਸ ਦੇ ਅਨੁਸਾਰ ਗੋਗੋਈ ਨੂੰ ਗੁਹਾਟੀ ਤੋਂ ਸ਼ਿਵਸਾਗਰ ਲਿਜਾਇਆ ਜਾ ਰਿਹਾ ਸੀ ਜਦੋਂ ਉਸ ਨੇ ਇਕ ਸਬ-ਇੰਸਪੈਕਟਰ ਦੀ ਪਿਸਤੌਲ ਖੋਹਣ ਦੀ ਕੋਸ਼ਿਸ਼ ਕੀਤੀ। ਜਵਾਬੀ ਗੋਲੀਬਾਰੀ ਵਿਚ ਉਹ ਜ਼ਖਮੀ ਹੋ ਗਿਆ।

ਹਸਪਤਾਲ ਜਾਂਦੇ ਸਮੇਂ ਉਸ ਦੀ ਮੌਤ ਹੋ ਗਈ। ਘਟਨਾ ਵਿਚ ਸਬ-ਇੰਸਪੈਕਟਰ ਜ਼ਖਮੀ ਹੋ ਗਿਆ। ਦੋਸ਼ੀ ਨੂੰ ਸ਼ਿਵਸਾਗਰ ਪੁਲਿਸ ਸਟੇਸ਼ਨ ਵਿਚ ਦਰਜ ਇਕ ਪੁਰਾਣੇ ਮਾਮਲੇ ਦੇ ਸੰਬੰਧ ਵਿਚ ਗੁਹਾਟੀ ਤੋਂ ਸ਼ਿਵਸਾਗਰ ਲਿਆਂਦਾ ਜਾ ਰਿਹਾ ਸੀ। ਰਸਤੇ ਵਿਚ ਉਸ ਨੇ ਵਾਸ਼ਰੂਮ ਜਾਣ ਲਈ ਕਿਹਾ।

ਜਿਵੇਂ ਹੀ ਉਹ ਗੱਡੀ ਤੋਂ ਬਾਹਰ ਨਿਕਲਿਆ, ਉਸਨੇ ਸਬ-ਇੰਸਪੈਕਟਰ ਦੇਬਾਸ਼ੀਸ਼ ਸ਼ਰਮਾ ਦੀ ਸਰਵਿਸ ਪਿਸਤੌਲ ਖੋਹਣ ਦੀ ਕੋਸ਼ਿਸ਼ ਕੀਤੀ। ਸ਼ਰਮਾ ਇਸ ਮਾਮਲੇ ਵਿਚ ਜਾਂਚ ਅਧਿਕਾਰੀ ਵੀ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਦੋਸ਼ੀ ਇਕ ਸਿਖਲਾਈ ਪ੍ਰਾਪਤ ਨਿਸ਼ਾਨੇਬਾਜ਼ ਸੀ। ਝੜਪ ਦੌਰਾਨ ਦੋ ਤੋਂ ਤਿੰਨ ਗੋਲੀਆਂ ਚਲਾਈਆਂ ਗਈਆਂ, ਜਿਨ੍ਹਾਂ ਵਿਚੋਂ ਦੋ ਪੁਲਿਸ ਗੱਡੀ ਵਿਚ ਵੱਜੀਆਂ।

ਪੁਲਿਸ ਦੇ ਅਨੁਸਾਰ ਉੱਥੇ ਮੌਜੂਦ ਇਕ ਪੁਲਿਸ ਅਧਿਕਾਰੀ ਨੇ ਹੋਰ ਹਮਲੇ ਨੂੰ ਰੋਕਣ ਅਤੇ ਅਧਿਕਾਰੀ ਦੀ ਰੱਖਿਆ ਲਈ ਆਪਣੀ ਪਿਸਤੌਲ ਨਾਲ ਜਵਾਬੀ ਫਾਇਰਿੰਗ ਕੀਤੀ। ਉਸ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ ਪਰ ਰਸਤੇ ਵਿਚ ਹੀ ਉਸਦੀ ਮੌਤ ਹੋ ਗਈ। ਦੱਸ ਦੇਈਏ ਕਿ 26 ਅਕਤੂਬਰ ਦੀ ਰਾਤ ਨੂੰ ਹੋਟਲ ਵਿਚ ਗੋਲੀਆਂ ਚਲਾਈਆਂ ਗਈਆਂ। 26 ਅਕਤੂਬਰ ਨੂੰ ਰਾਤ ਲਗਭਗ 9 ਵਜੇ ਪਲਟਨ ਬਾਜ਼ਾਰ ਪੁਲਿਸ ਸਟੇਸ਼ਨ ਨੂੰ ਇਕ ਹੋਟਲ ਵਿਚ ਕਈ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ। ਪੁਲਿਸ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਚਾਰ ਲੋਕਾਂ ਨੂੰ ਮ੍ਰਿਤਕ ਅਤੇ ਦੋ ਜ਼ਖਮੀ ਪਾਇਆ।

ਗੁਹਾਟੀ ਗੋਲੀਬਾਰੀ ਦਾ ਦੋਸ਼ੀ ਪੁਲਿਸ ਮੁਕਾਬਲੇ ਵਿਚ ਢੇਰ (ਜਾਰੀ)

ਜ਼ਖਮੀਆਂ ਨੂੰ ਗੁਹਾਟੀ ਮੈਡੀਕਲ ਕਾਲਜ ਅਤੇ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਵਿਚੋਂ ਇਕ ਦੀ ਇਲਾਜ ਦੌਰਾਨ ਮੌਤ ਹੋ ਗਈ ਤੇ ਇਕ ਹੋਰ ਜ਼ਖਮੀ ਵਿਅਕਤੀ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

ਦੇਸ਼ • ਭਾਰਤ

ਸਿੱਖ ਕਤਲੇਆਮ ਭਾਰਤ ਦੀ ਰੂਹ 'ਤੇ ਕਾਲਾ ਧੱਬਾ, ਸਿੱਖ ਕਦੇ ਨਾ ਭੁੱਲਣ ਇਹ ਜ਼ਖ਼ਮ: ਰਵੀ ਸ਼ੰਕਰ ਪ੍ਰਸਾਦ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ 1984 ਦੇ ਸਿੱਖ ਕਤਲੇਆਮ ਨੂੰ ਦੇਸ਼ ਦੀ ਰੂਹ 'ਤੇ ਇੱਕ ਨਾ ਮਿਟਣ ਵਾਲਾ ਕਾਲਾ ਧੱਬਾ ਕਰਾਰ ਦਿੱਤਾ ਹੈ। ਚੰਡੀਗੜ੍ਹ ਵਿਖੇ ਪਾਰਟੀ ਵੱਲੋਂ ਕਰਵਾਏ ਗਏ 'ਜ਼ਖ਼ਮ 84' ਕਨਕਲੇਵ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਦੇ 'ਜਦੋਂ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ' ਵਾਲੇ ਬਿਆਨ 'ਤੇ ਸਿੱਧੇ ਸਵਾਲ ਕੀਤੇ। ਉਨ੍ਹਾਂ ਪੁੱਛਿਆ ਕਿ ਗਾਂਧੀ ਪਰਿਵਾਰ ਨੇ ਇਸ ਵਹਿਸ਼ੀਆਨਾ ਕਤਲੇਆਮ ਲਈ ਅੱਜ ਤੱਕ ਦੇਸ਼ ਅਤੇ ਸਿੱਖ ਕੌਮ ਤੋਂ ਮੁਆਫ਼ੀ ਕਿਉਂ ਨਹੀਂ ਮੰਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਕੌਮ ਨੂੰ 1984 ਦੇ ਇਹ ਜ਼ਖ਼ਮ ਕਦੇ ਨਹੀਂ ਭੁੱਲਣੇ ਚਾਹੀਦੇ ਅਤੇ ਰਾਹੁਲ ਗਾਂਧੀ ਨੂੰ ਅੱਜ ਪੰਜਾਬ ਦੀ ਧਰਤੀ ਸੰਗਰੂਰ ਵਿੱਚ ਰੈਲੀ ਕਰਦਿਆਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ।

ਭਾਜਪਾ ਆਗੂਆਂ ਨੇ ਰਾਹੁਲ ਗਾਂਧੀ ਨੂੰ 1984 ਦੇ ਕਤਲੇਆਮ 'ਤੇ ਜਨਤਕ ਬਹਿਸ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ। ਭਾਜਪਾ ਆਗੂ ਆਰ.ਪੀ. ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਚੋਣ ਸੁਧਾਰਾਂ 'ਤੇ ਬਹਿਸ ਕਰਨ ਦੇ ਸ਼ੌਕੀਨ ਹਨ, ਪਰ ਉਨ੍ਹਾਂ ਨੂੰ ਰਵੀ ਸ਼ੰਕਰ ਪ੍ਰਸਾਦ, ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਜਾਂ ਪੀੜਤ ਬੀਬੀ ਨਿਰਪ੍ਰੀਤ ਕੌਰ ਵਿੱਚੋਂ ਕਿਸੇ ਵੀ ਇੱਕ ਨਾਲ ਖੁੱਲ੍ਹੇ ਮੰਚ 'ਤੇ ਬਹਿਸ ਕਰਨੀ ਚਾਹੀਦੀ ਹੈ। ਪ੍ਰਸਾਦ ਨੇ ਕਿਹਾ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਜ਼ਿੰਦਾ ਸਾੜਿਆ ਤੇ ਕਤਲ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸੂਚਨਾ ਤੇ ਪ੍ਰਸਾਰਨ ਮੰਤਰੀ ਹੁੰਦਿਆਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਰਾਜੀਵ ਗਾਂਧੀ ਦੇ ਵਿਵਾਦਤ ਬਿਆਨ ਵਾਲੀ ਵੀਡੀਓ ਦੂਰਦਰਸ਼ਨ ਦੇ ਪੁਰਾਲੇਖ (ਆਰਕਾਈਵਜ਼) ਵਿੱਚੋਂ ਗ਼ਾਇਬ ਕਰ ਦਿੱਤੀ ਗਈ ਸੀ, ਜਿਸ ਨੂੰ ਬਾਅਦ ਵਿੱਚ ਸਖ਼ਤ ਹਦਾਇਤਾਂ ਦੇ ਕੇ ਬਰਾਮਦ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਏਅਰ ਮਾਰਸ਼ਲ ਅਰਜਨ ਸਿੰਘ ਅਤੇ ਆਈ.ਕੇ. ਗੁਜਰਾਲ ਵਰਗੀਆਂ ਸਤਿਕਾਰਤ ਸ਼ਖ਼ਸੀਅਤਾਂ ਨੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੂੰ ਫ਼ੌਜ ਬੁਲਾਉਣ ਦੀ ਬੇਨਤੀ ਕੀਤੀ ਸੀ, ਪਰ ਉਸ ਵੇਲੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਕਨਕਲੇਵ ਦੌਰਾਨ ਆਰ.ਪੀ. ਸਿੰਘ ਨੇ ਕਿਹਾ ਕਿ ਪੀੜਤਾਂ ਅਤੇ ਸਿੱਖ ਨੁਮਾਇੰਦਿਆਂ ਨੇ ਰਾਹੁਲ ਗਾਂਧੀ ਨੂੰ 1 ਨਵੰਬਰ ਨੂੰ ਦਿੱਲੀ ਵਿੱਚ ਰੈਲੀ ਨਾ ਕਰਨ ਦੀ ਅਪੀਲ ਕੀਤੀ ਸੀ ਕਿਉਂਕਿ ਇਸੇ ਦਿਨ 42 ਸਾਲ ਪਹਿਲਾਂ ਕਤਲੇਆਮ ਸ਼ੁਰੂ ਹੋਇਆ ਸੀ, ਪਰ ਕਾਂਗਰਸ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਂਗਰਸ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਨੂੰ ਪਾਰਟੀ ਵਿੱਚੋਂ ਬਾਹਰ ਨਹੀਂ ਕੱਢਦੀ, ਉਸ ਨੂੰ 'ਇਨਸਾਫ਼ ਰੈਲੀ' ਕਰਨ ਦਾ ਕੋਈ ਇਖ਼ਲਾਕੀ ਹੱਕ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਟਾਈਟਲਰ ਨੇ ਪੁਲ ਬੰਗਸ਼ ਗੁਰਦੁਆਰਾ ਸਾਹਿਬ ਬਾਹਰ ਭੀੜ ਦੀ ਅਗਵਾਈ ਕੀਤੀ ਅਤੇ ਕਮਲ ਨਾਥ ਗੁਰਦੁਆਰਾ ਰਕਾਬ ਗੰਜ ਸਾਹਿਬ ਬਾਹਰ ਮੌਜੂਦ ਸਨ, ਜਿੱਥੇ ਪਾਣੀ ਤੇ ਲੰਗਰ ਦੀ ਸੇਵਾ ਕਰ ਰਹੇ ਸੋਹਣ ਸਿੰਘ ਤੇ ਅਵਤਾਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਸੈਮ ਪਿਤਰੋਦਾ ਦੇ 'ਜੋ ਹੋਇਆ ਸੋ ਹੋਇਆ' ਵਾਲੇ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਕਾਂਗਰਸ ਦੀ ਸਿੱਖਾਂ ਪ੍ਰਤੀ ਅਸਲ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਭਾਜਪਾ ਆਗੂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਦਿੱਲੀ ਵਿੱਚ ਜੋ ਵਾਪਰਿਆ ਉਹ ਦੰਗੇ ਨਹੀਂ ਸਗੋਂ ਯੋਜਨਾਬੱਧ ਨਸਲਕੁਸ਼ੀ ਸੀ। ਉਨ੍ਹਾਂ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ 31 ਅਕਤੂਬਰ 1984 ਦੀ ਅੱਧੀ ਰਾਤ ਤੱਕ 5,000 ਫ਼ੌਜੀ ਜਵਾਨ ਤਿਆਰ ਸਨ, ਪਰ ਉਨ੍ਹਾਂ ਨੂੰ ਕਾਰਵਾਈ ਦੀ ਹਰੀ ਝੰਡੀ ਨਹੀਂ ਦਿੱਤੀ ਗਈ। ਢਿੱਲੋਂ ਨੇ ਸਵਾਲ ਕੀਤਾ ਕਿ ਰਾਹੁਲ ਗਾਂਧੀ ਸੰਗਰੂਰ ਰੈਲੀ ਵਿੱਚ ਕਿਸ ਨੂੰ ਇਨਸਾਫ਼ ਦੇਣ ਦੀ ਗੱਲ ਕਰ ਰਹੇ ਹਨ। ਪ੍ਰਸਾਦ ਨੇ ਅੱਗੇ ਕਿਹਾ ਕਿ ਮਨਮੋਹਨ ਸਿੰਘ ਸਰਕਾਰ ਦੌਰਾਨ ਦੋਸ਼ੀਆਂ ਖ਼ਿਲਾਫ਼ ਸੁਹਿਰਦਤਾ ਨਾਲ ਕੇਸ ਨਹੀਂ ਲੜੇ ਗਏ ਅਤੇ ਨਰਿੰਦਰ ਮੋਦੀ ਸਰਕਾਰ ਬਣਨ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੇ ਗਠਨ ਮਗਰੋਂ ਹੀ ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਅਤੇ ਟਾਈਟਲਰ ਖ਼ਿਲਾਫ਼ ਦੋਸ਼ ਤੈਅ ਹੋ ਸਕੇ। ਉਨ੍ਹਾਂ ਕਿਹਾ ਕਿ ਹੱਥ ਵਿੱਚ ਸੰਵਿਧਾਨ ਚੁੱਕ ਕੇ ਘੁੰਮਣ ਵਾਲੇ ਰਾਹੁਲ ਗਾਂਧੀ 1984 ਵਿੱਚ ਮਾਰੇ ਗਏ ਸਿੱਖਾਂ ਦੇ ਜਿਊਣ ਦੇ ਅਧਿਕਾਰ (ਧਾਰਾ 21) ਬਾਰੇ ਚੁੱਪ ਕਿਉਂ ਹਨ। ਉਨ੍ਹਾਂ ਕਿਹਾ ਕਿ ਇਹ ਜ਼ਖ਼ਮ ਉਦੋਂ ਹੀ ਭਰਨਗੇ ਜਦੋਂ ਹਰ ਦੋਸ਼ੀ ਨੂੰ ਸਜ਼ਾ ਮਿਲੇਗੀ।

ਪੰਜਾਬ

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦਿੱਤਾ ਦੀਵਾਲੀ ਦਾ ਤੋਹਫ਼ਾ

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦਿੱਤਾ ਦੀਵਾਲੀ ਦਾ ਤੋਹਫ਼ਾ, ਫੋਟੋ: ਆਤਿਸ਼ ਗੁਪਤਾ।

ਪੰਜਾਬ ਸਰਕਾਰ ਨੇ ਸੂਬੇ ਦੇ 8 ਲੱਖ ਸਰਕਾਰੀ ਮੁਲਾਜ਼ਮਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਮੁਲਾਜ਼ਮਾਂ ਨੂੰ ਡੀ.ਏ. ਦੀ ਤਿੰਨ ਫ਼ੀਸਦੀ ਕਿਸ਼ਤ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਦਸੰਬਰ ਦੀ ਤਨਖ਼ਾਹ ਅਤੇ ਪੈਨਸ਼ਨ ਵਿੱਚ ਇਹ ਵਧਾ ਕੇ ਦਿੱਤਾ ਜਾਵੇਗਾ।

ਇਸ ਫ਼ੈਸਲੇ ਦੇ ਨਾਲ ਹੀ ਸੂਬਾ ਸਰਕਾਰ ਨੇ ਦੋ ਮਹੀਨਿਆਂ ਵਿੱਚ ਮੁਲਾਜ਼ਮਾਂ ਦੇ ਡੀ.ਏ. ਵਿੱਚ 11 ਫ਼ੀਸਦੀ ਦਾ ਵਾਧਾ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਲ 2022 ਵਿੱਚ ਮੁਲਾਜ਼ਮਾਂ ਨੂੰ 28 ਫ਼ੀਸਦ ਡੀ.ਏ. ਦਿੱਤਾ ਜਾਂਦਾ ਸੀ, ਜੋ ਸਾਲ 2026 ਵਿੱਚ ਵੱਧ ਕੇ 53 ਫ਼ੀਸਦ ਹੋ ਗਿਆ ਹੈ। ਇਸ ਨਾਲ ਮੁਲਾਜ਼ਮਾਂ ਨੂੰ ਹਰੇਕ ਮਹੀਨੇ 363 ਕਰੋੜ ਰੁਪਏ ਦਾ ਲਾਭ ਹੋਵੇਗਾ, ਜਦਕਿ ਕੁੱਲ 11 ਫ਼ੀਸਦ ਡੀ.ਏ. ਨਾਲ ਮੁਲਾਜ਼ਮਾਂ ਨੂੰ ਸਾਲਾਨਾ 3988 ਕਰੋੜ ਰੁਪਏ ਦਾ ਲਾਭ ਹੋਵੇਗਾ।

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦਿੱਤਾ ਦੀਵਾਲੀ ਦਾ ਤੋਹਫ਼ਾ (ਜਾਰੀ)

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬਾ ਸਰਕਾਰ ਦੀਆਂ ਸਕੀਮਾਂ ਤੋਂ ਵਧੇਰੇ ਖ਼ੁਸ਼ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਪੰਜਾਬ ਦਾ ਖ਼ਜ਼ਾਨਾ ਖ਼ਾਲੀ ਹੈ, ਜਦਕਿ ਪੁਰਾਣੀਆਂ ਸਰਕਾਰਾਂ ਨੇ ਹਮੇਸ਼ਾ ਹੀ ਖ਼ਜ਼ਾਨਾ ਖ਼ਾਲੀ ਹੋਣ ਦਾ ਦਾਅਵਾ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੁਣ ਤੱਕ ਸੂਬੇ ਵਿੱਚ 71,777 ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਦਿੱਤੀਆਂ ਹਨ।

ਮੁੱਖ ਮੰਤਰੀ ਨੇ ਤਿੰਨ ਵਿਧਾਇਕਾਂ ਦੇ ਭਾਜਪਾ ਵਿੱਚ ਜਾਣ 'ਤੇ ਕਿਹਾ ਕਿ ਐੱਮ.ਐੱਲ.ਏ. ਬਣਨਾ ਸਿਰਫ਼ ਰਾਜਨੀਤੀ ਨਹੀਂ ਹੈ, ਪਾਰਟੀ ਦੇ ਨਾਲ ਖੜ੍ਹਨਾ ਵੀ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਜਾਣ ਵਾਲੇ ਵਿਧਾਇਕਾਂ ਨੂੰ ਪਤਾ ਲੱਗ ਜਾਵੇਗਾ ਕਿ ਭਾਜਪਾ ਵਿੱਚ ਆਗੂਆਂ ਦੀ ਕਿੰਨੀ ਕੁ ਇੱਜ਼ਤ ਹੁੰਦੀ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੀ ਭਾਜਪਾ ਵਿੱਚ ਗਏ ਸਨ, ਜਿਨ੍ਹਾਂ ਨੂੰ ਕਦੇ ਵੀ ਪੁੱਛਿਆ ਨਹੀਂ ਗਿਆ, ਬਲਕਿ ਕੈਪਟਨ ਅਮਰਿੰਦਰ ਸਿੰਘ ਖ਼ੁਦ ਕਹਿ ਰਹੇ ਹਨ ਕਿ ਉਨ੍ਹਾਂ ਤੋਂ ਪਟਿਆਲਾ ਬਾਰੇ ਵੀ ਕੋਈ ਸਲਾਹ ਨਹੀਂ ਲਈ ਜਾਂਦੀ।

ਮੁੱਖ ਮੰਤਰੀ ਨੇ ਸੂਬੇ ਵਿੱਚ ਚੱਲ ਰਹੀ ਈ.ਡੀ. ਦੀ ਛਾਪੇਮਾਰੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਈ.ਡੀ. ਅਤੇ ਸੀ.ਬੀ.ਆਈ. ਦੇ ਛਾਪਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਵਿੱਚ ਚੋਣਾਂ ਨਜ਼ਦੀਕ ਆ ਗਈਆਂ ਹਨ, ਕਿਉਂਕਿ ਭਾਜਪਾ ਵੱਲੋਂ ਚੋਣਾਂ ਨਜ਼ਦੀਕ ਆਉਣ 'ਤੇ ਈ.ਡੀ. ਅਤੇ ਸੀ.ਬੀ.ਆਈ. ਦੀ ਛਾਪੇਮਾਰੀ ਵਧਾ ਦਿੱਤੀ ਜਾਂਦੀ ਹੈ। ਹੁਣ ਉਸੇ ਤਰ੍ਹਾਂ ਪੰਜਾਬ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ।

ਪੰਜਾਬ • ਸੰਗਰੂਰ

ਸਿੱਖ ਕਤਲੇਆਮ ਲਈ ਕਦੋਂ ਮੰਗੋਗੇ ਮੁਆਫ਼ੀ ?': ਸੰਗਰੂਰ ਰੈਲੀ ਤੋਂ ਪਹਿਲਾਂ ਪੰਜਾਬ ਬੀਜੇਪੀ ਦਾ ਰਾਹੁਲ 'ਤੇ ਨਿਸ਼ਾਨਾ

ਸੰਗਰੂਰ ਦੇ ਫ਼ਗੂਵਾਲ ਪਿੰਡ ਵਿੱਚ ਰਾਹੁਲ ਗਾਂਧੀ ਦੀ 'ਇਨਸਾਫ਼ ਰੈਲੀ' ਤੋਂ ਪਹਿਲਾਂ ਪੰਜਾਬ ਬੀਜੇਪੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਗਾਂਧੀ ਪਰਿਵਾਰ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਬੀਜੇਪੀ ਨੇ 'ਜ਼ਖ਼ਮ 84 ਦੇ' ਨਾਂ ਹੇਠ ਚੰਡੀਗੜ੍ਹ ਵਿੱਚ ਇੱਕ ਸੰਮੇਲਨ ਸ਼ੁਰੂ ਕੀਤਾ ਹੈ, ਜਿਸ ਦਾ ਮਕਸਦ ਲੋਕਾਂ ਨੂੰ ਇਸ ਕਤਲੇਆਮ ਦੇ ਸੱਚ ਦੇ ਰੂਬਰੂ ਕਰਵਾਉਣਾ ਹੈ।

ਪੰਜਾਬ ਬੀਜੇਪੀ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਪੰਜਾਬ ਇੰਚਾਰਜ ਸਤੀਸ਼ ਪੂਨੀਆ ਨੇ 1984 ਕਤਲੇਆਮ 'ਤੇ ਲਗਾਈ ਗਈ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਢਿੱਲੋਂ ਨੇ ਕਿਹਾ ਕਿ 1 ਨਵੰਬਰ ਨੂੰ ਦਿੱਲੀ ਵਿੱਚ ਰੈਲੀ ਕਰਕੇ ਕਾਂਗਰਸ ਨੇ ਪੀੜਤਾਂ ਦੇ ਜ਼ਖ਼ਮਾਂ ਨੂੰ ਮੁੜ ਹਰਾ ਕੀਤਾ ਹੈ। ਉਨ੍ਹਾਂ ਸਵਾਲ ਕੀਤਾ ਕਿ 42 ਸਾਲ ਬੀਤਣ ਦੇ ਬਾਵਜੂਦ ਗਾਂਧੀ ਪਰਿਵਾਰ ਨੇ ਸਿੱਖਾਂ ਤੋਂ ਮੁਆਫ਼ੀ ਕਿਉਂ ਨਹੀਂ ਮੰਗੀ ?

ਸਾਬਕਾ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਰਾਹੁਲ ਗਾਂਧੀ ਨੂੰ ਘੇਰਦਿਆਂ ਪੁੱਛਿਆ ਕਿ ਕੀ ਉਹ ਆਪਣੇ ਪਿਤਾ ਸਵਰਗਵਾਸੀ ਰਾਜੀਵ ਗਾਂਧੀ ਦੇ ਬਿਆਨ "ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੈ" ਨੂੰ ਸਹੀ ਮੰਨਦੇ ਹਨ ਜਾਂ ਗਲਤ ? ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਸੰਸਦ ਵਿੱਚ ਮੁਆਫ਼ੀ ਮੰਗੀ ਸੀ, ਪਰ ਅਸਲ ਤਾਕਤ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਕੋਲ ਸੀ, ਜਿਨ੍ਹਾਂ ਨੇ ਅੱਜ ਤੱਕ ਮੁਆਫ਼ੀ ਨਹੀਂ ਮੰਗੀ। ਪ੍ਰਸਾਦ ਨੇ ਕਿਹਾ ਕਿ ਵਾਜਪਾਈ ਸਰਕਾਰ ਵਿੱਚ ਨਾਨਾਵਤੀ ਕਮਿਸ਼ਨ ਅਤੇ ਮੋਦੀ ਸਰਕਾਰ ਦੀ ਐੱਸਆਈਟੀ ਕਾਰਨ ਹੀ ਸੱਜਣ ਕੁਮਾਰ ਵਰਗੇ ਦੋਸ਼ੀ ਜੇਲ੍ਹ ਪਹੁੰਚੇ ਹਨ।

ਸੀਨੀਅਰ ਬੀਜੇਪੀ ਆਗੂ ਆਰ.ਪੀ. ਸਿੰਘ ਨੇ ਵੀ ਕਿਹਾ ਕਿ ਰਾਹੁਲ ਗਾਂਧੀ ਨੂੰ ਪੀੜਤਾਂ ਦੇ ਘਰਾਂ ਵਿੱਚ ਜਾ ਕੇ ਮੁਆਫ਼ੀ ਮੰਗਣੀ ਚਾਹੀਦੀ ਹੈ। ਦੱਸਣਯੋਗ ਹੈ ਕਿ ਰਾਹੁਲ ਗਾਂਧੀ ਪੰਜਾਬ ਚੋਣ ਪ੍ਰਚਾਰ ਦੀ ਸ਼ੁਰੂਆਤ ਲਈ ਸੰਗਰੂਰ ਪਹੁੰਚ ਰਹੇ ਹਨ, ਜਿੱਥੇ ਉਹ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨਾਲ ਰੈਲੀ ਕਰਨਗੇ ਅਤੇ ਨਸ਼ਿਆਂ ਕਾਰਨ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕਰਨਗੇ।

ਦੇਸ਼

ਲਗਾਤਾਰ ਡਿਊਟੀਆਂ ਅਤੇ ਧਰਨਿਆਂ ਤੋਂ ਅੱਕੇ ਪੁਲੀਸ ਦੇ ਜਵਾਨ; ਮਾਨਸਿਕ ਤਣਾਅ ਦੀਆਂ ਸ਼ਿਕਾਇਤਾਂ ਮਗਰੋਂ ਸਰਕਾਰ ਕਮੇਟੀ ਬਣਾਉਣ ਦੀ ਤਿਆਰੀ 'ਚ

ਰਾਜਧਾਨੀ ਦਿੱਲੀ ਵਿੱਚ ਲਗਾਤਾਰ ਹੋ ਰਹੇ ਸਿਆਸੀ ਪ੍ਰਦਰਸ਼ਨਾਂ ਅਤੇ ਧਰਨਿਆਂ ਨੇ ਦਿੱਲੀ ਪੁਲੀਸ ਦੇ ਜਵਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਅਕਤੂਬਰ ਮਹੀਨੇ ਦੌਰਾਨ ਵਿਰੋਧੀ ਧਿਰਾਂ ਵੱਲੋਂ ਵੋਟਾਂ ਦੇ ਮੁੱਦੇ 'ਤੇ ਕੀਤੇ ਗਏ ਵੱਡੇ ਅੰਦੋਲਨਾਂ ਅਤੇ ਇਸ ਤੋਂ ਪਹਿਲਾਂ ਜੁਲਾਈ ਵਿੱਚ ਨੀਟ ਪੇਪਰ ਲੀਕ ਵਿਰੋਧੀ ਰੋਸ ਮੁਜ਼ਾਹਰਿਆਂ ਦੌਰਾਨ ਸੁਰੱਖਿਆ ਪ੍ਰਬੰਧ ਸੰਭਾਲ ਰਹੇ ਪੁਲੀਸ ਮੁਲਾਜ਼ਮ ਹੁਣ ਗੰਭੀਰ ਮਾਨਸਿਕ ਅਤੇ ਸਰੀਰਕ ਤਣਾਅ ਵਿੱਚੋਂ ਲੰਘ ਰਹੇ ਹਨ। ਖ਼ੁਫ਼ੀਆ ਜਾਣਕਾਰੀ ਅਨੁਸਾਰ ਵੱਡੀ ਗਿਣਤੀ ਜਵਾਨਾਂ ਨੇ ਦਿਨ-ਰਾਤ ਦੀ ਲੰਬੀ ਡਿਊਟੀ, ਐਮਰਜੈਂਸੀ ਵਿੱਚ ਵੀ ਛੁੱਟੀਆਂ ਨਾ ਮਿਲਣ ਅਤੇ ਹੱਦੋਂ ਵੱਧ ਤੈਨਾਤੀਆਂ ਵਿਰੁੱਧ ਆਪਣੇ ਉੱਚ ਅਧਿਕਾਰੀਆਂ ਅੱਗੇ ਆਪਣਾ ਦੁੱਖੜਾ ਰੋਇਆ ਹੈ।

ਮੁਲਾਜ਼ਮਾਂ ਨੇ ਪੁਲੀਸ ਕਮਿਸ਼ਨਰ ਦਫ਼ਤਰ ਰਾਹੀਂ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਤੱਕ ਪਹੁੰਚਾਇਆ ਹੈ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਦਿੱਲੀ ਪੁਲੀਸ ਅਤੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਦੀ ਇੱਕ ਉੱਚ-ਪੱਧਰੀ ਸਾਂਝੀ ਕਮੇਟੀ ਗਠਿਤ ਕਰਨ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ ਪੁਲੀਸ ਮੁਲਾਜ਼ਮਾਂ ਦੀ ਮਾਨਸਿਕ ਸਿਹਤ ਦੀ ਸਮੱਸਿਆ ਦਾ ਸਥਾਈ ਹੱਲ ਕੱਢਿਆ ਜਾ ਸਕੇ। ਇਸ ਦੇ ਨਾਲ ਹੀ ਲਾਲ ਬਹਾਦਰ ਸ਼ਾਸਤਰੀ ਨੈਸ਼ਨਲ ਅਕੈਡਮੀ ਵਰਗੇ ਵੱਕਾਰੀ ਅਦਾਰਿਆਂ ਦੇ ਮਾਹਿਰਾਂ ਰਾਹੀਂ ਮੁਲਾਜ਼ਮਾਂ ਲਈ ਵਿਸ਼ੇਸ਼ ਕੌਂਸਲਿੰਗ ਅਤੇ ਤਣਾਅ-ਮੁਕਤੀ ਸੈਸ਼ਨ ਸ਼ੁਰੂ ਕਰਨ ਦੀ ਵੀ ਤਿਆਰੀ ਹੈ।

ਪੁਲੀਸ ਫੋਰਸ ਅੰਦਰ ਇਹ ਬੇਚੈਨੀ ਹੁਣ ਖੁੱਲ੍ਹ ਕੇ ਸਾਹਮਣੇ ਆਉਣ ਲੱਗ ਪਈ ਹੈ। ਬੀਤੇ ਦਿਨੀਂ ਪੁਲੀਸ ਹੈੱਡਕੁਆਰਟਰ ਬਾਹਰ ਪ੍ਰਦਰਸ਼ਨ ਕਰਨ ਦੇ ਮਾਮਲੇ ਵਿੱਚ ਏਸੀਪੀ ਮਨਸਵੀ ਵਸ਼ਿਸ਼ਟ ਨੂੰ ਮੁਅੱਤਲ ਕਰ ਦਿੱਤਾ ਗਿਆ। ਅਸਲ ਵਿੱਚ, ਸ਼ਾਹਦਰਾ ਥਾਣੇ ਵਿੱਚ ਪੁਲੀਸ ਅਤੇ ਵਕੀਲਾਂ ਦੇ ਵਿਵਾਦ ਤੋਂ ਬਾਅਦ ਦੋ ਪੁਲੀਸ ਮੁਲਾਜ਼ਮਾਂ ਦਾ ਤਬਾਦਲਾ ਕਰ ਦਿੱਤਾ ਗਿਆ ਸੀ, ਜਿਸ ਦੇ ਵਿਰੋਧ ਵਿੱਚ 2 ਨਵੰਬਰ ਨੂੰ ਮਹਿਲਾ ਮੁਲਾਜ਼ਮਾਂ ਸਮੇਤ ਕਰੀਬ 100 ਪੁਲੀਸ ਕਰਮੀ ਹੈੱਡਕੁਆਰਟਰ ਬਾਹਰ ਤਖ਼ਤੀਆਂ ਲੈ ਕੇ ਡਟ ਗਏ ਸਨ।

ਲਗਾਤਾਰ ਡਿਊਟੀਆਂ ਅਤੇ ਧਰਨਿਆਂ ਤੋਂ ਅੱਕੇ ਪੁਲੀਸ ਦੇ ਜਵਾਨ; ਮਾਨਸਿਕ ਤਣਾਅ ਦੀਆਂ ਸ਼ਿਕਾਇਤਾਂ ਮਗਰੋਂ ਸਰਕਾਰ ਕਮੇਟੀ ਬਣਾਉਣ ਦੀ ਤਿਆਰੀ ’ਚ (ਜਾਰੀ)

ਇਸ ਘਟਨਾ ਤੋਂ ਬਾਅਦ ਗ੍ਰਹਿ ਮੰਤਰਾਲੇ ਦੇ ਹੁਕਮਾਂ ’ਤੇ ਏਸੀਪੀ ਖ਼ਿਲਾਫ਼ ਇਹ ਸਖ਼ਤ ਕਾਰਵਾਈ ਕੀਤੀ ਗਈ।

ਹੇਠਲੇ ਰੈਂਕ ਦੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਪ੍ਰਦਰਸ਼ਨਾਂ ਨੂੰ ਆਰਜ਼ੀ ਤੌਰ ’ਤੇ ਰੋਕ ਦਿੱਤਾ ਜਾਂਦਾ ਹੈ, ਪਰ ਥੋੜ੍ਹੇ ਦਿਨਾਂ ਬਾਅਦ ਉਹੀ ਮਸਲੇ ਮੁੜ ਖੜ੍ਹੇ ਹੋ ਜਾਂਦੇ ਹਨ। ਇਸ ਕਾਰਨ ਉਨ੍ਹਾਂ ਨੂੰ ਲਗਾਤਾਰ ਸੜਕਾਂ ’ਤੇ ਤੈਨਾਤ ਰਹਿਣਾ ਪੈਂਦਾ ਹੈ, ਜਿਸ ਦਾ ਸਿੱਧਾ ਅਸਰ ਉਨ੍ਹਾਂ ਦੀ ਸਿਹਤ ਅਤੇ ਪਰਿਵਾਰਕ ਜੀਵਨ ’ਤੇ ਪੈ ਰਿਹਾ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਲੋਕਾਂ ਦੇ ਵਿਵਾਦਾਂ ਦੇ ਪੱਕੇ ਹੱਲ ਲੱਭੇ ਤਾਂ ਜੋ ਵਾਰ-ਵਾਰ ਧਰਨੇ ਨਾ ਲੱਗਣ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ’ਤੇ ਪੁਲੀਸ ਕਾਰਵਾਈ ਦੀਆਂ ਵਾਇਰਲ ਹੁੰਦੀਆਂ ਵੀਡੀਓਜ਼ ਕਾਰਨ ਖ਼ਰਾਬ ਹੋ ਰਹੇ ਅਕਸ ਨੇ ਵੀ ਜਵਾਨਾਂ ਦੇ ਮਨੋਬਲ ਨੂੰ ਕਾਫ਼ੀ ਸੱਟ ਮਾਰੀ ਹੈ।

ਦੇਸ਼

ਮੈਂ ਸਰਦਾਰਨੀ ਹਾਂ ਤੇ ਕਿਸੇ ਤੋਂ ਨਹੀਂ ਡਰਦੀ’: ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਵਾਲੀ ਜਗਦੀਸ਼ ਕੌਰ 1984 ਸਿੱਖ ਕਤਲੇਆਮ ਸਮਾਗਮ ’ਚ ਲੈਣਗੇ ਹਿੱਸਾ

ਅੰਮ੍ਰਿਤਸਰ ਦੀ ਰਹਿਣ ਵਾਲੀ ਜਗਦੀਸ਼ ਕੌਰ ਅੱਜ ਚੰਡੀਗੜ੍ਹ ਵਿਖੇ ਭਾਰਤੀ ਜਨਤਾ ਪਾਰਟੀ (ਬੀਜੇਪੀ) ਵੱਲੋਂ 1984 ਦੇ ਸਿੱਖ ਕਤਲੇਆਮ ’ਤੇ ਕਰਵਾਏ ਜਾ ਰਹੇ ਇੱਕ ਰੋਜ਼ਾ ਸੰਮੇਲਨ ਵਿੱਚ ਮੁੱਖ ਭਾਗੀਦਾਰਾਂ ਵਿੱਚੋਂ ਇੱਕ ਹੋਵੇਗੀ। ਇਨਸਾਫ਼ ਲਈ ਲੰਮੀ ਚੱਲੀ ਕਾਨੂੰਨੀ ਲੜਾਈ ਦੌਰਾਨ ਜਗਦੀਸ਼ ਕੌਰ ਦੀ ਖੌਫ਼ਨਾਕ ਗਵਾਹੀ ਕਾਰਨ ਹੀ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਇੱਕ ਸਮੇਂ ਦੇ ਤਾਕਤਵਰ ਕਾਂਗਰਸੀ ਐਮਪੀ ਸੱਜਣ ਕੁਮਾਰ ਨੂੰ ਪਹਿਲੀ ਵਾਰ ਦੋਸ਼ੀ ਠਹਿਰਾਇਆ ਗਿਆ ਸੀ।

17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਉਲਟਾ ਦਿੱਤਾ ਸੀ, ਜਿਸ ਵਿੱਚ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਗਿਆ ਸੀ। ਸੱਜਣ ਕੁਮਾਰ ’ਤੇ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 2 ਨਵੰਬਰ 1984 ਨੂੰ ਦਿੱਲੀ ਦੀ ਪਾਲਮ ਕਲੋਨੀ ਰਾਜ ਨਗਰ ਵਿਖੇ ਜਗਦੀਸ਼ ਕੌਰ ਦੇ ਪਤੀ ਅਤੇ 18 ਸਾਲਾ ਪੁੱਤਰ ਦੇ ਕਤਲ ਦਾ ਦੋਸ਼ ਸੀ।

ਦਿੱਲੀ ਹਾਈ ਕੋਰਟ ਦੇ ਫੈਸਲੇ ਵਿੱਚ 1 ਅਤੇ 2 ਨਵੰਬਰ 1984 ਨੂੰ ਰਾਜ ਨਗਰ ਵਿੱਚ ਜਗਦੀਸ਼ ਕੌਰ ਦੇ ਪਰਿਵਾਰ ਦੇ ਪੰਜ ਜੀਆਂ ਦੇ ਕਤਲ ਦੇ ਮਾਮਲੇ ਵਿੱਚ ਇਕ ਤੱਥ ਦਰਜ ਹੈ। ਫੈਸਲੇ ਅਨੁਸਾਰ: "2 ਨਵੰਬਰ 1984 ਨੂੰ ਸਵੇਰੇ ਲਗਪਗ 9 ਵਜੇ ਜਦੋਂ ਜਗਦੀਸ਼ ਕੌਰ ਪੁਲੀਸ ਚੌਕੀ ਵਿੱਚ ਰਿਪੋਰਟ ਦਰਜ ਕਰਵਾਉਣ ਗਈ ਤਾਂ ਉਸ ਨੇ ਦੇਖਿਆ ਕਿ ਉੱਥੇ ਇੱਕ ਜਨਤਕ ਸਭਾ ਹੋ ਰਹੀ ਸੀ ਜਿਸ ਵਿੱਚ ਸਥਾਨਕ ਐਮਪੀ ਸੱਜਣ ਕੁਮਾਰ ਮੌਜੂਦ ਸੀ। ਉਸ ਨੇ ਸੱਜਣ ਕੁਮਾਰ ਨੂੰ ਇਹ ਐਲਾਨ ਕਰਦੇ ਸੁਣਿਆ ਕਿ ਇੱਕ ਵੀ ਸਿੱਖ ਬਚਣਾ ਨਹੀਂ ਚਾਹੀਦਾ ਤੇ ਜੋ ਹਿੰਦੂ ਉਨ੍ਹਾਂ ਨੂੰ ਸ਼ਰਨ ਦਿੰਦਾ ਹੈ ਉਸ ਦਾ ਵੀ ਘਰ ਸਾੜ ਦਿਓ ਤੇ ਉਸ ਨੂੰ ਵੀ ਮਾਰ ਦਿਓ।

ਅਦਾਲਤੀ ਫੈਸਲੇ ਵਿੱਚ ਅੱਗੇ ਦਰਜ ਹੈ ਕਿ ਜਗਦੀਸ਼ ਕੌਰ ਨੇ ਪੁਲੀਸ ਚੌਕੀ ਦੇ ਇੰਚਾਰਜ ਅਧਿਕਾਰੀ ਨੂੰ ਵੀ ਦੰਗਾਕਾਰੀਆਂ ਤੋਂ ਇਹ ਪੁੱਛਦੇ ਸੁਣਿਆ ਸੀ ਕਿ ਕਿੰਨੇ ਮੁਰਗੇ ਭੁੰਨ ਦਿੱਤੇ (ਕਿੰਨੇ ਸਿੱਖ ਮਾਰ ਦਿੱਤੇ)\।

ਅਦਾਲਤ ਦੇ ਫੈਸਲੇ ਵਿੱਚ ਕਿਹਾ ਗਿਆ ਹੈ: "ਇਸ ਮੋੜ ’ਤੇ ਜਗਦੀਸ਼ ਕੌਰ ਨੇ ਕਿਹਾ ਸੀ ਕਿ ਉਸ ਦਾ ਮਨੁੱਖਤਾ ਤੋਂ ਵਿਸ਼ਵਾਸ ਉੱਠ ਗਿਆ ਸੀ।"

ਇਸ ਸਭ ਦੇ ਬਾਵਜੂਦ ਕੌਰ ਨੇ ਆਪਣੇ ਬੱਚਿਆਂ ਨੂੰ ਪਾਲਣ ਲਈ ਛੋਟੇ-ਮੋਟੇ ਕੰਮ ਕੀਤੇ ਅਤੇ ਇਨਸਾਫ਼ ਲਈ ਆਪਣੀ ਲੜਾਈ ਜਾਰੀ ਰੱਖੀ। ਉਹ ਆਪਣੇ ਇਸ ਸੰਘਰਸ਼ ਦੀ ਕਹਾਣੀ ਮੁੜ ਦੁਹਰਾਉਣਗੇ।

ਖੇਡਾਂ

ਤੇ ਨੂੰ ਰਗਬੀ ਸਟਾਰ ਮੇਆਲਾਮੂ ਨੇ ਤੋਹਫ਼ੇ ’ਚ ਦਿੱਤੀਆਂ ਖਾਸ ਜਰਸੀਆਂ

ਨਿਊਜ਼ੀਲੈਂਡ ਖ਼ਿਲਾਫ਼ ਔਕਲੈਂਡ ਵਿੱਚ ਖੇਡੇ ਜਾ ਰਹੇ ਪਹਿਲੇ ਇੱਕਰੋਜ਼ਾ ਮੈਚ ਦੇ ਦਿਨ ਬੁੱਧਵਾਰ ਨੂੰ ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੇ ਨਿਊਜ਼ੀਲੈਂਡ ਦੇ ਮਹਾਨ ਰਗਬੀ ਖਿਡਾਰੀ ਕੇਵਿਨ ਮੇਆਲਾਮੂ ਨਾਲ ਖਾਸ ਮੁਲਾਕਾਤ ਕੀਤੀ। ਇਸ ਖੇਡ-ਸਾਂਝ ਦੌਰਾਨ ਭਾਰਤੀ ਟੀਮ ਦੇ ਕਪਤਾਨ ਸ਼ੁਭਮਨ ਗਿੱਲ, ਸੀਨੀਅਰ ਬੱਲੇਬਾਜ਼ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਨੂੰ ਮੇਆਲਾਮੂ ਵੱਲੋਂ ਵਿਸ਼ੇਸ਼ ਤੌਰ ’ਤੇ ਤਿਆਰ ਕੀਤੀਆਂ ਰਗਬੀ ਜਰਸੀਆਂ ਭੇਟ ਕੀਤੀਆਂ ਗਈਆਂ।

ਬੀਸੀਸੀਆਈ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ’ਤੇ ਇੱਕ ਪੋਸਟ ਵਿੱਚ ਲਿਖਿਆ, "ਮੈਚ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਖਾਸ ਪਲ, ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਨੇ ਨਿਊਜ਼ੀਲੈਂਡ ਰਗਬੀ ਦੇ ਮਹਾਨ ਖਿਡਾਰੀ ਕੇਵਿਨ ਮੇਆਲਾਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਤੋਂ ਖਾਸ ਰਗਬੀ ਜਰਸੀਆਂ ਪ੍ਰਾਪਤ ਕੀਤੀਆਂ।"

20 ਮਾਰਚ 1979 ਨੂੰ ਜਨਮੇ ਮੇਆਲਾਮੂ ਨੂੰ 'ਆਲ ਬਲੈਕਸ' (ਨਿਊਜ਼ੀਲੈਂਡ ਰਗਬੀ ਟੀਮ) ਲਈ ਖੇਡਣ ਵਾਲੇ ਸਭ ਤੋਂ ਵਧੀਆ 'ਹੂਕਰਜ਼' ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਉਹ ਨਿਊਜ਼ੀਲੈਂਡ ਖੇਡ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਵਿੱਚ ਸ਼ਾਮਲ ਹਨ। ਭਾਰਤੀ ਕ੍ਰਿਕਟ ਟੀਮ ਨਾਲ ਉਨ੍ਹਾਂ ਦੀ ਇਸ ਨਿੱਘੀ ਮੁਲਾਕਾਤ ਨੇ ਵੱਖ-ਵੱਖ ਖੇਡ ਭਾਈਚਾਰਿਆਂ ਵਿਚਾਲੇ ਆਪਸੀ ਭਾਈਚਾਰੇ ਅਤੇ ਮਜ਼ਬੂਤ ਸਾਂਝ ਨੂੰ ਦਰਸਾਇਆ ਹੈ।

ਮੈਚ ਦੀ ਗੱਲ ਕਰੀਏ ਤਾਂ ਭਾਰਤੀ ਕਪਤਾਨ ਸ਼ੁਭਮਨ ਗਿੱਲ ਨੇ ਟੌਸ ਜਿੱਤ ਕੇ ਨਿਊਜ਼ੀਲੈਂਡ ਵਿਰੁੱਧ ਪਹਿਲਾਂ ਗੇਂਦਬਾਜ਼ੀ (ਚੇਜ਼) ਕਰਨ ਦਾ ਫੈਸਲਾ ਕੀਤਾ। 2027 ਦੇ ਇੱਕਰੋਜ਼ਾ ਵਿਸ਼ਵ ਕੱਪ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਨੇ ਈਡਨ ਪਾਰਕ ਵਿੱਚ ਪੰਜ ਮੈਚਾਂ ਦੀ ਇਸ ਸੀਰੀਜ਼ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੀ 50 ਓਵਰਾਂ ਦੇ ਫਾਰਮੈਟ ਵਿੱਚ ਵਾਪਸੀ ਹੋਈ ਹੈ।

ਭਾਰਤ ਦੀ ਨਜ਼ਰ ਨਿਊਜ਼ੀਲੈਂਡ ਦੀ ਧਰਤੀ ’ਤੇ ਆਪਣੇ ਇੱਕਰੋਜ਼ਾ ਰਿਕਾਰਡ ਨੂੰ ਸੁਧਾਰਨ ’ਤੇ ਵੀ ਹੋਵੇਗੀ, ਜਿੱਥੇ ਉਨ੍ਹਾਂ ਨੂੰ ਆਖਰੀ ਜਿੱਤ ਫਰਵਰੀ 2019 ਵਿੱਚ ਮਿਲੀ ਸੀ। ਉਸ ਤੋਂ ਬਾਅਦ ਭਾਰਤ ਨੇ ਉੱਥੇ ਦੋ ਸੀਰੀਜ਼ ਖੇਡੀਆਂ, ਜਿਨ੍ਹਾਂ ਵਿੱਚੋਂ ਇੱਕ ਵਿੱਚ 3-0 ਅਤੇ ਦੂਜੀ ਵਿੱਚ 1-0 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਸਾਲ 2025 ਦੇ ਸ਼ੁਰੂ ਵਿੱਚ ਚੈਂਪੀਅਨਜ਼ ਟਰਾਫੀ ਜਿੱਤਣ ਤੋਂ ਬਾਅਦ ਭਾਰਤੀ ਟੀਮ ਦਾ 50 ਓਵਰਾਂ ਦੇ ਫਾਰਮੈਟ ਵਿੱਚ ਪ੍ਰਦਰਸ਼ਨ

ਤੇ ਨੂੰ ਰਗਬੀ ਸਟਾਰ ਮੇਆਲਾਮੂ ਨੇ ਤੋਹਫ਼ੇ ’ਚ ਦਿੱਤੀਆਂ ਖਾਸ ਜਰਸੀਆਂ (ਜਾਰੀ)

ਉਤਾਰ-ਚੜ੍ਹਾਅ ਵਾਲਾ ਰਿਹਾ ਹੈ। ਖੇਡੀਆਂ ਗਈਆਂ ਪਿਛਲੀਆਂ ਛੇ ਇੱਕਰੋਜ਼ਾ ਸੀਰੀਜ਼ਾਂ ਵਿੱਚੋਂ ਭਾਰਤ ਨੇ ਤਿੰਨ ਜਿੱਤੀਆਂ ਹਨ ਅਤੇ ਤਿੰਨ ਵਿੱਚ ਆਸਟਰੇਲੀਆ, ਨਿਊਜ਼ੀਲੈਂਡ ਤੇ ਇੰਗਲੈਂਡ ਹੱਥੋਂ ਹਾਰ ਦਾ ਸਾਹਮਣਾ ਕੀਤਾ ਹੈ। ਦੋਵਾਂ ਟੀਮਾਂ ਵਿਚਾਲੇ ਖੇਡੀ ਗਈ ਆਖਰੀ ਇੱਕਰੋਜ਼ਾ ਸੀਰੀਜ਼ ਵਿੱਚ ਵੀ ਨਿਊਜ਼ੀਲੈਂਡ ਨੇ 2-1 ਨਾਲ ਜਿੱਤ ਦਰਜ ਕੀਤੀ ਸੀ।

ਨਿਊਜ਼ੀਲੈਂਡ: ਟਿਮ ਸੀਫਰਟ, ਵਿਲ ਯੰਗ, ਹੈਨਰੀ ਨਿਕੋਲਸ, ਡੈਰਿਲ ਮਿਚਲ, ਟੌਮ ਲੈਥਮ (ਵਿਕਟਕੀਪਰ), ਗਲੇਨ ਫਿਲਿਪਸ, ਮਿਚਲ ਸੈਂਟਨਰ (ਕਪਤਾਨ), ਨੇਥਨ ਸਮਿਥ, ਕਾਇਲ ਜੈਮੀਸਨ, ਜੈਕਬ ਡਫੀ, ਬਲੇਅਰ ਟਿਕਨਰ।

ਭਾਰਤ: ਸ਼ੁਭਮਨ ਗਿੱਲ (ਕਪਤਾਨ), ਰੋਹਿਤ ਸ਼ਰਮਾ, ਵਿਰਾਟ ਕੋਹਲੀ, ਸ਼੍ਰੇਅਸ ਅਈਅਰ, ਅਕਸ਼ਰ ਪਟੇਲ, ਕੇ.ਐੱਲ. ਰਾਹੁਲ (ਵਿਕਟਕੀਪਰ), ਨਮਨ ਧੀਰ, ਅੰਸ਼ੁਲ ਕੰਬੋਜ, ਆਕਿਬ ਨਬੀ, ਗੁਰਨੂਰ ਬਰਾੜ, ਅਰਸ਼ਦੀਪ ਸਿੰਘ।

ਸਿਹਤ

ਸਿਹਤ ਖੇਤਰ ’ਚ ਏ ਆਈ ਕ੍ਰਾਂਤੀ ਪਿੰਡਾਂ ਤੱਕ ਪੁੱਜੀ

ਪੰਜਾਬ ਸਰਕਾਰ ਨੇ ਸੂਬੇ ਦੀਆਂ ਸਿਹਤ ਸੇਵਾਵਾਂ ਨੂੰ ਆਧੁਨਿਕ ਤਕਨੀਕ ਨਾਲ ਜੋੜਦਿਆਂ ਮਸਨੂਈ ਬੁੱਧੀ ਯਾਨੀ ਆਰਟੀਫੀਸ਼ੀਅਲ ਇੰਟੈਲੀਜੈਂਸ ਆਧਾਰਿਤ ਸਕ੍ਰੀਨਿੰਗ ਉਪਕਰਨਾਂ ਦੀ ਸ਼ੁਰੂਆਤ ਕੀਤੀ ਹੈ। ਸੂਬੇ ਵਿੱਚ ਪਹਿਲੀ ਵਾਰ ਵਰਤੇ ਜਾ ਰਹੇ ਇਨ੍ਹਾਂ ਅਤਿ-ਆਧੁਨਿਕ ਅਤੇ ਪੋਰਟੇਬਲ ਯੰਤਰਾਂ ਦਾ ਮੁੱਖ ਮਕਸਦ ਛਾਤੀ ਦੇ ਕੈਂਸਰ, ਬੱਚੇਦਾਨੀ ਦੇ ਮੂੰਹ ਦੇ ਕੈਂਸਰ ਅਤੇ ਨਜ਼ਰ ਨਾਲ ਜੁੜੀਆਂ ਸਮੱਸਿਆਵਾਂ ਦੀ ਸ਼ੁਰੂਆਤੀ ਪੱਧਰ ’ਤੇ ਪਛਾਣ ਕਰਨਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਮੁਤਾਬਿਕ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਨੂੰ ‘ਏ ਸੀ ਟੀ ਗ੍ਰਾਂਟਸ’ ਦੀ ਮਦਦ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸ ਮੁਹਿੰਮ ਤਹਿਤ ਏ ਆਈ ਤਕਨੀਕ ਨਾਲ ਲੈਸ ਪੋਰਟੇਬਲ ਅਤੇ ਰੇਡੀਏਸ਼ਨ-ਮੁਕਤ ਉਪਕਰਨ ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿੱਚ ਉਪਲਬਧ ਕਰਵਾਏ ਗਏ ਹਨ।

ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਯੰਤਰਾਂ ਨੂੰ ਸਿਰਫ਼ ਵੱਡੇ ਹਸਪਤਾਲਾਂ ਤੱਕ ਹੀ ਸੀਮਿਤ ਨਹੀਂ ਰੱਖਿਆ ਗਿਆ ਸਗੋਂ ਮੁੱਢਲੇ ਸਿਹਤ ਕੇਂਦਰਾਂ ਅਤੇ ਪੇਂਡੂ ਖੇਤਰਾਂ ਤੱਕ ਪਹੁੰਚਾਇਆ ਗਿਆ ਹੈ ਤਾਂ ਜੋ ਲੋਕਾਂ ਨੂੰ ਸਿਹਤ ਜਾਂਚ ਲਈ ਲੰਮਾ ਸਫ਼ਰ ਤੈਅ ਨਾ ਕਰਨਾ ਪਵੇ। ਇਸ ਯੋਜਨਾ ਤਹਿਤ ਵੱਖ-ਵੱਖ ਸਿਹਤ ਸਮੱਸਿਆਵਾਂ ਦੀ ਸਕ੍ਰੀਨਿੰਗ ਲਈ ਆਧੁਨਿਕ ਉਪਕਰਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸੂਬੇ ਵਿੱਚ ਕੈਂਸਰ ਦੇ ਵਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਮੁੱਢਲੇ ਪੱਧਰ ’ਤੇ ਸਕ੍ਰੀਨਿੰਗ ਦੀ ਲੋੜ ਹੋਰ ਵੀ ਅਹਿਮ ਹੋ ਜਾਂਦੀ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਾਂਝੇ ਕੀਤੇ ਗਏ ਆਈ ਸੀ ਐੱਮ ਆਰ ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿੱਚ ਸਾਲ 2024 ਦੌਰਾਨ ਕੈਂਸਰ ਦੇ 42,288 ਨਵੇਂ ਮਾਮਲੇ ਦਰਜ ਕੀਤੇ ਗਏ, ਜੋ ਪਿਛਲੇ ਸਾਲ ਨਾਲੋਂ ਲਗਪਗ 7 ਫ਼ੀਸਦੀ ਵੱਧ ਹਨ। ਉੱਥੇ ਹੀ ਐੱਨ ਐੱਫ ਐੱਚ ਐੱਸ-5 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 30 ਤੋਂ 49 ਸਾਲ ਦੀ ਉਮਰ ਦੀਆਂ ਔਰਤਾਂ ਵਿੱਚ ਛਾਤੀ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਵਾਲੀਆਂ ਔਰਤਾਂ ਦਾ ਅਨੁਪਾਤ ਮਹਿਜ਼ 0.3 ਫ਼ੀਸਦੀ ਰਿਹਾ ਜਦੋਂਕਿ ਸਰਵੀਕਲ ਕੈਂਸਰ ਦੀ ਸਕ੍ਰੀਨਿੰਗ ਦਾ ਅੰਕੜਾ 24 ਫ਼ੀਸਦੀ ਹੈ। ਇਹ ਅੰਕੜੇ ਦੱਸਦੇ ਹਨ ਕਿ ਕੈਂਸਰ ਦੀ ਸਮੇਂ ਸਿਰ ਪਛਾਣ ਲਈ ਸਕ੍ਰੀਨਿੰਗ ਸੇਵਾਵਾਂ ਨੂੰ ਹੋਰ ਵਿਆਪਕ ਪੱਧਰ ’ਤੇ ਮੁਹੱਈਆ ਕਰਵਾਉਣ ਦੀ ਸਖ਼ਤ ਲੋੜ ਹੈ।

ਏ ਆਈ ਆਧਾਰਿਤ ਪੋਰਟੇਬਲ ਉਪਕਰਨ ਇਸ ਦਿਸ਼ਾ ਵਿੱਚ ਇੱਕ ਪ੍ਰਭਾਵਸ਼ਾਲੀ ਤਕਨੀਕੀ ਮਾਧਿਅਮ ਸਾਬਿਤ ਹੋ ਸਕਦੇ ਹਨ। ਪੰਜਾਬ ਸਰਕਾਰ ਨੇ ਇਸ ਪਹਿਲ ਤਹਿਤ ਰੋਜ਼ਾਨਾ ਘੱਟੋ-ਘੱਟ 600 ਲੋਕਾਂ ਦੀ ਅੱਖਾਂ ਦੀ ਜਾਂਚ ਅਤੇ 300 ਔਰਤਾਂ ਦੀ ਛਾਤੀ ਤੇ ਸਰਵੀਕਲ ਕੈਂਸਰ ਦੀ ਸਕ੍ਰੀਨਿੰਗ ਦਾ ਟੀਚਾ ਮਿਥਿਆ ਹੈ। ਇਸ ਦਾ ਮਕਸਦ ਸਿਰਫ਼ ਬਿਮਾਰੀ ਦੀ ਪਛਾਣ ਕਰਨਾ ਹੀ ਨਹੀਂ ਸਗੋਂ ਲੋਕਾਂ ਨੂੰ ਸਮਾਂ ਰਹਿੰਦਿਆਂ ਅੱਗੇ ਦੀ ਜਾਂਚ ਅਤੇ ਇਲਾਜ ਵੱਲ ਤੋਰਨਾ ਹੈ। ਕੈਂਸਰ ਵਰਗੀ ਗੰਭੀਰ ਬਿਮਾਰੀ ਵਿੱਚ ਰੋਗ ਦਾ ਸ਼ੁਰੂਆਤੀ ਪੜਾਅ ’ਤੇ ਹੀ ਪਤਾ ਲੱਗ ਜਾਵੇ ਤਾਂ ਇਲਾਜ ਦੇ ਬਦਲ ਅਤੇ ਸਮੇਂ ਸਿਰ ਡਾਕਟਰੀ ਦਖ਼ਲ ਦੀਆਂ ਸੰਭਾਵਨਾਵਾਂ ਕਾਫ਼ੀ ਬਿਹਤਰ ਹੋ ਜਾਂਦੀਆਂ ਹਨ।

ਇਸੇ ਤਰ੍ਹਾਂ ਨਜ਼ਰ ਦੀਆਂ ਸਮੱਸਿਆਵਾਂ ਦੀ ਸਮੇਂ ਉੱਤੇ ਪਛਾਣ ਲੋਕਾਂ ਨੂੰ ਸਮੇਂ ਸਿਰ ਐਨਕਾਂ, ਢੁਕਵੇਂ ਇਲਾਜ ਜਾਂ ਲੋੜੀਂਦੇ ਮਾਹਿਰ ਡਾਕਟਰ ਦੀ ਸਲਾਹ ਤੱਕ ਪਹੁੰਚਾਉਣ ਵਿੱਚ ਮਦਦ ਕਰਦੀ ਹੈ। ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਤੱਕ ਪਹੁੰਚ ਅਕਸਰ ਦੂਰੀ, ਸਮੇਂ, ਜਾਗਰੂਕਤਾ ਦੀ ਘਾਟ ਅਤੇ ਹਸਪਤਾਲ ਜਾਣ ਦੀ ਝਿਜਕ ਵਰਗੇ ਕਾਰਨਾਂ ਕਰਕੇ ਪ੍ਰਭਾਵਿਤ ਹੁੰਦੀ ਹੈ। ਜੇਕਰ ਮੁੱਢਲੇ ਸਿਹਤ ਕੇਂਦਰਾਂ ’ਤੇ ਹੀ ਸ਼ੁਰੂਆਤੀ ਸਕ੍ਰੀਨਿੰਗ ਦੀ ਸਹੂਲਤ ਉਪਲਬਧ ਹੋਵੇ ਤਾਂ ਲੋਕਾਂ ਲਈ ਸਿਹਤ ਜਾਂਚ ਕਰਵਾਉਣਾ ਕਾਫ਼ੀ ਸੁਖਾਲਾ ਹੋ ਜਾਂਦਾ ਹੈ। ਏ ਆਈ ਆਧਾਰਿਤ ਉਪਕਰਨਾਂ ਰਾਹੀਂ ਮੁੱਢਲੇ ਪੱਧਰ ’ਤੇ ਸ਼ੱਕੀ ਮਾਮਲਿਆਂ ਦੀ ਪਛਾਣ ਹੋਣ ਮਗਰੋਂ ਲੋੜ ਅਨੁਸਾਰ ਮਰੀਜ਼ਾਂ ਨੂੰ ਅਗਲੀ ਜਾਂਚ ਅਤੇ ਮਾਹਿਰਾਂ ਵੱਲੋਂ ਇਲਾਜ ਲਈ ਰੈਫ਼ਰ ਕੀਤਾ ਜਾ ਸਕਦਾ ਹੈ। ਇਸ ਮੁਹਿੰਮ ਦਾ ਇੱਕ ਹੋਰ ਅਹਿਮ ਪੱਖ ਸੂਬੇ ਦੇ ਵੱਡੇ ਹਸਪਤਾਲਾਂ ’ਤੇ ਮਰੀਜ਼ਾਂ ਦਾ ਬੋਝ ਘਟਾਉਣਾ ਵੀ ਹੈ। ਜੇਕਰ ਆਮ ਜਾਂ ਸ਼ੁਰੂਆਤੀ ਪੱਧਰ ਦੀ ਸਕ੍ਰੀਨਿੰਗ ਮੁੱਢਲੇ ਸਿਹਤ ਕੇਂਦਰਾਂ ਵਿੱਚ ਹੀ ਹੋ ਜਾਵੇ ਤਾਂ ਮੈਡੀਕਲ ਕਾਲਜਾਂ ਅਤੇ ਵੱਡੇ ਕੈਂਸਰ ਕੇਂਦਰਾਂ ਵਿੱਚ ਮੁੱਖ ਤੌਰ ’ਤੇ ਉਨ੍ਹਾਂ ਮਰੀਜ਼ਾਂ ਨੂੰ ਭੇਜਿਆ ਜਾ ਸਕਦਾ ਹੈ, ਜਿਨ੍ਹਾਂ ਨੂੰ ਸਪੈਸ਼ਲਿਸਟ ਪੱਧਰ ਦੀ ਜਾਂਚ ਜਾਂ ਇਲਾਜ ਦੀ ਅਸਲ ਲੋੜ ਹੁੰਦੀ ਹੈ।

ਸਿਆਸਤ

ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਰਿਸ਼ਵਤਖ਼ੋਰੀ ਦੇ ਦੋਸ਼ਾਂ ਦੀ ਵਿਜੀਲੈਂਸ ਜਾਂਚ ਦੇ ਹੁਕਮ

ਕੇਰਲ ਦੇ ਗ੍ਰਹਿ ਮੰਤਰੀ ਰਮੇਸ਼ ਚੇਨੀਥਲਾ ਨੇ ਸੂਬੇ ਦੇ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਰੋਕੂ ਬਿਊਰੋ ਨੂੰ ਮੁੱਖ ਚੋਣ ਕਮਿਸ਼ਨਰ (ਸੀਈਸੀ) ਗਿਆਨੇਸ਼ ਕੁਮਾਰ ਵਿਰੁੱਧ ਲੱਗੇ ਦੋ ਕਰੋੜ ਰੁਪਏ ਦੀ ਰਿਸ਼ਵਤਖ਼ੋਰੀ ਦੇ ਤਾਜ਼ਾ ਦੋਸ਼ਾਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਮਾਮਲਾ ਕਰੀਬ ਦੋ ਦਹਾਕੇ ਪੁਰਾਣਾ ਹੈ, ਜਦੋਂ ਗਿਆਨੇਸ਼ ਕੁਮਾਰ ਕੇਰਲ ਵਿੱਚ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਵਜੋਂ ਤੈਨਾਤ ਸਨ ਅਤੇ ਉਨ੍ਹਾਂ ’ਤੇ ‘ਕੇਰਲ ਸਟੇਟ ਟਰਾਂਸਪੋਰਟ ਪ੍ਰੋਜੈਕਟ’ (ਕੇਐੱਸਟੀਪੀ) ਅਧੀਨ ਸੜਕ

ਮੁੱਖ ਚੋਣ ਕਮਿਸ਼ਨਰ ਖ਼ਿਲਾਫ਼ ਰਿਸ਼ਵਤਖ਼ੋਰੀ ਦੇ ਦੋਸ਼ਾਂ ਦੀ ਵਿਜੀਲੈਂਸ ਜਾਂਚ ਦੇ ਹੁਕਮ (ਜਾਰੀ)

ਨਿਰਮਾਣ ਦੇ ਬਿੱਲ ਜਾਰੀ ਕਰਨ ਬਦਲੇ ਰਿਸ਼ਵਤ ਮੰਗਣ ਦਾ ਦੋਸ਼ ਲੱਗਿਆ ਹੈ। ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਦੇਸ਼ ਭਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਨੂੰ ਲੈ ਕੇ ਚੋਣ ਕਮਿਸ਼ਨ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਵਿਜੀਲੈਂਸ ਦੇ ਡਾਇਰੈਕਟਰ ਕੋਲ ਦਾਇਰ ਸ਼ਿਕਾਇਤ ਵਿੱਚ ਕੋਲਮ ਜ਼ਿਲ੍ਹੇ ਦੇ ਚਦਯਾਮੰਗਲਮ ਵਸਨੀਕ ਠੇਕੇਦਾਰ ਸਾਜਨ ਨੇ ਦੋਸ਼ ਲਾਇਆ ਹੈ ਕਿ ਗਿਆਨੇਸ਼ ਕੁਮਾਰ ਨੇ ਕੇਐੱਸਟੀਪੀ ਅਧੀਨ ਮੁਕੰਮਲ ਹੋਏ ਕੰਮਾਂ ਦੇ ਭੁਗਤਾਨ ਜਾਰੀ ਕਰਨ ਲਈ ਦੋ ਕਰੋੜ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਅਨੁਸਾਰ ਇੰਜੀਨੀਅਰਾਂ ਵੱਲੋਂ ਪਾਸ ਕੀਤੇ ਗਏ ਕਰੀਬ 17 ਕਰੋੜ ਰੁਪਏ ਦੇ ਬਿੱਲਾਂ ਦੇ ਚੈੱਕ ਜਾਣਬੁੱਝ ਕੇ ਰੋਕ ਲਏ ਗਏ ਸਨ, ਜਿਸ ਕਾਰਨ ਮਲੇਸ਼ੀਆਈ ਕੰਪਨੀ ‘ਪਾਤੀ-ਬੇਲ’, ਇਸ ਦੇ ਠੇਕੇਦਾਰਾਂ ਅਤੇ ਮਜ਼ਦੂਰਾਂ ਨੂੰ ਭਾਰੀ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ।

ਸ਼ਿਕਾਇਤ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੰਪਨੀ ਦੇ ਪ੍ਰੋਜੈਕਟ ਇੰਜੀਨੀਅਰ ਅਤੇ ਮਲੇਸ਼ੀਆਈ ਨਾਗਰਿਕ ਲੀ ਸੀ ਬੀਨ ਨੇ ਖ਼ੁਦ ਦੱਸਿਆ ਸੀ ਕਿ ਰਿਸ਼ਵਤ ਨਾ ਮਿਲਣ ਤੱਕ ਚੈੱਕ ਰੋਕੇ ਰੱਖੇ ਗਏ ਸਨ। ਸਾਜਨ ਨੇ ਦੱਸਿਆ ਕਿ ਜਦੋਂ ਉਸ ਨੇ ਮਾਮਲਾ ਨਿਬੇੜਨ ਦੀ ਸਲਾਹ ਦਿੱਤੀ ਤਾਂ ਕੰਪਨੀ ਪ੍ਰਬੰਧਕਾਂ ਨੇ ਰਿਸ਼ਵਤ ਦੇ ਕੇ ਭੁਗਤਾਨ ਲੈਣ ਤੋਂ ਸਖ਼ਤੀ ਨਾਲ ਇਨਕਾਰ ਕਰ ਦਿੱਤਾ। ਲੀ ਨੇ ਬੰਗਲੁਰੂ ਸਥਿਤ ਆਪਣੇ ਕਿਸੇ ਹੋਰ ਪ੍ਰੋਜੈਕਟ ਤੋਂ ਫ਼ੰਡ ਲਿਆ ਕੇ ਮਜ਼ਦੂਰਾਂ ਅਤੇ ਠੇਕੇਦਾਰਾਂ ਦਾ ਕੁਝ ਬਕਾਇਆ ਚੁਕਾਇਆ, ਪਰ ਪੈਸੇ ਰੁਕੇ ਰਹਿਣ ਕਾਰਨ ਪੈਦਾ ਹੋਏ ਭਾਰੀ ਤਣਾਅ ਦੇ ਚਲਦਿਆਂ ਉਸ ਨੇ ਸਾਲ 2006 ਵਿੱਚ ਕਥਿਤ ਤੌਰ ’ਤੇ ਖ਼ੁਦਕੁਸ਼ੀ ਕਰ ਲਈ ਸੀ। ਸ਼ਿਕਾਇਤਕਰਤਾ ਦਾ ਦਾਅਵਾ ਹੈ ਕਿ ਲੀ ਨੇ ਆਪਣੇ ਖ਼ੁਦਕੁਸ਼ੀ ਨੋਟ ਵਿੱਚ ਕੁਮਾਰ ਦੀ ਭੂਮਿਕਾ ਦਾ ਜ਼ਿਕਰ ਕੀਤਾ ਸੀ, ਜਿਸ ਬਾਰੇ ਮਲੇਸ਼ੀਆ ਵਿੱਚ ਰਹਿੰਦੇ ਉਸ ਦੇ ਪਰਿਵਾਰ ਨੇ ਕਰਮਚਾਰੀਆਂ ਨੂੰ ਜਾਣੂ ਕਰਵਾਇਆ ਸੀ।

ਸ਼ਿਕਾਇਤਕਰਤਾ ਨੇ ਪੁਰਾਣੀ ਜਾਂਚ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਸਾਲ 2006 ਵਿੱਚ ਮੌਤ ਤੋਂ ਬਾਅਦ ਸ਼ੁਰੂ ਹੋਈ ਵਿਜੀਲੈਂਸ ਜਾਂਚ ਦੌਰਾਨ ਅਹਿਮ ਗਵਾਹਾਂ ਤੋਂ ਪੁੱਛਗਿੱਛ ਨਹੀਂ ਕੀਤੀ ਗਈ ਸੀ ਅਤੇ ਬਾਅਦ ਵਿੱਚ ਬਿਨਾਂ ਕਿਸੇ ਕਾਰਵਾਈ ਦੇ ਕੇਸ ਬੰਦ ਕਰ ਦਿੱਤਾ ਗਿਆ ਸੀ। ਉਸ ਨੇ ਲੀ ਦੇ ਪਰਿਵਾਰ ਅਤੇ ਕੰਪਨੀ ਦੇ ਸਾਬਕਾ ਮੁਲਾਜ਼ਮਾਂ ਨੂੰ ਸਬੂਤ ਵਜੋਂ ਪੇਸ਼ ਕਰਨ ਦੀ ਪੇਸ਼ਕਸ਼ ਕੀਤੀ ਹੈ। ਕਾਨੂੰਨੀ ਰਾਇ ਮਿਲਣ ਉਪਰੰਤ ਗ੍ਰਹਿ ਮੰਤਰੀ ਚੇਨੀਥਲਾ ਨੇ ਮੁੱਢਲੀ ਪੜਤਾਲ ਦੇ ਹੁਕਮ ਦਿੱਤੇ ਹਨ। ਇਸ ਤੋਂ ਪਹਿਲਾਂ 4 ਅਕਤੂਬਰ ਨੂੰ ਕਾਂਗਰਸ ਆਗੂ ਵੇਣੂਗੋਪਾਲ ਦੀ ਸ਼ਿਕਾਇਤ ’ਤੇ ਵੀ ਇਸੇ ਪ੍ਰੋਜੈਕਟ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਸਨ। ਫ਼ਿਲਹਾਲ ਗਿਆਨੇਸ਼ ਕੁਮਾਰ ਵਿਰੁੱਧ ਇਹ ਦੋਸ਼ ਸਾਬਤ ਨਹੀਂ ਹੋਏ ਹਨ ਅਤੇ ਮੁੱਖ ਚੋਣ ਕਮਿਸ਼ਨਰ ਵੱਲੋਂ ਇਸ ਮਾਮਲੇ ’ਤੇ ਅਜੇ ਕੋਈ ਪ੍ਰਤੀਕਰਮ ਨਹੀਂ ਆਇਆ ਹੈ

ਸਿਆਸਤ

ਬ੍ਰਾਜ਼ੀਲ ’ਚ ਖੱਬੇ-ਪੱਖੀਆਂ ਦੀ ਵਾਪਸੀ

ਲਾਤੀਨੀ ਅਮਰੀਕਾ ਦੇ ਸਭ ਤੋਂ ਵੱਡੇ ਮੁਲਕ ਬ੍ਰਾਜ਼ੀਲ ਵਿੱਚ 1964 ’ਚ ਅਮਰੀਕੀ ਸ਼ਹਿ ਪ੍ਰਾਪਤ ਫ਼ੌਜੀ ਤਖ਼ਤ ਪਲਟੇ ਰਾਹੀਂ ਲੋਕਾਂ ਵੱਲੋਂ ਚੁਣੇ ਰਾਸ਼ਟਰਪਤੀ ਜੋਆਓ ਗੂਲਾਰਟ ਦੀ ਸਰਕਾਰ ਡੇਗ ਦਿੱਤੀ ਗਈ ਸੀ।

ਪਹਿਲੇ ਗੇੜ ਦੀ ਹਾਰ ਮਗਰੋਂ ਲੂਲਾ ਦੀ ਚੋਣ ਮੁਹਿੰਮ ਅਮਰੀਕੀ ਦਖ਼ਲ ਦੀਆਂ ਚਿਤਾਵਨੀਆਂ ਤੋਂ ਹਟ ਕੇ ਸਿੱਧੀ ਲੋਕਾਂ ਦੀ ਰੋਟੀ-ਰੋਜ਼ੀ ਉੱਤੇ ਕੇਂਦਰਿਤ ਹੋ ਗਈ। ਗ਼ਰੀਬ ਪਰਿਵਾਰਾਂ ਨੂੰ ਨਕਦ ਸਹਾਇਤਾ ਰਾਸ਼ੀ ਦੇਣ ਵਾਲੀ ਬੋਲਸਾ ਫੈਮਿਲੀਆ (ਪਰਿਵਾਰਕ ਭੱਤਾ) ਯੋਜਨਾ ਵਿੱਚ ਵਾਧਾ, ਤਨਖ਼ਾਹ ਘਟਾਏ ਬਗ਼ੈਰ ਕੰਮ ਦੇ ਘੰਟੇ ਘਟਾਉਣਾ, ਕਰਜ਼ੇ ਦੇ ਜਾਲ ਵਿੱਚ ਫਸੇ ਪਰਿਵਾਰਾਂ ਨੂੰ ਵੱਡੀ ਰਾਹਤ ਦੇਣ, ਹਫ਼ਤੇ ਦੇ ਅਖ਼ੀਰ ’ਚ ਮੁਲਕ ਭਰ ਵਿੱਚ ਮੁਫ਼ਤ ਜਨਤਕ ਆਵਾਜਾਈ, ਪੰਜ ਹਜ਼ਾਰ ਰਿਆਲ ਤੱਕ ਦੀ ਆਮਦਨ ਨੂੰ ਆਮਦਨ ਕਰ ਤੋਂ ਛੋਟ, ਐਮਾਜ਼ੋਨ ਦੇ ਜੰਗਲਾਂ ਦੀ ਰਾਖੀ ਅਤੇ ਕੌਮੀ ਪ੍ਰਭੂਸੱਤਾ ਦੀ ਸੁਰੱਖਿਆ ਲੂਲਾ ਦੀ ਚੋਣ ਮੁਹਿੰਮ ਦੇ ਮੁੱਖ ਮੁੱਦੇ ਸਨ। ਪਹਿਲੇ ਗੇੜ ਵਿੱਚ ਲੱਖਾਂ ਵੋਟਰ, ਖ਼ਾਸ ਕਰਕੇ ਵਰਕਰਜ਼ ਪਾਰਟੀ ਦੇ ਗੜ੍ਹ ਉੱਤਰ-ਪੂਰਬੀ ਬ੍ਰਾਜ਼ੀਲ ਦੇ ਗ਼ਰੀਬ ਲੋਕ ਭਾਰੀ ਮੀਂਹ ਦੇ ਬਾਵਜੂਦ ਪੋਲਿੰਗ ਬੂਥਾਂ ਤੱਕ ਪਹੁੰਚੇ ਅਤੇ ਉਨ੍ਹਾਂ ਨੇ ਪੂਰੀ ਬਾਜ਼ੀ ਹੀ ਪਲਟ ਦਿੱਤੀ। ਦੂਜੇ ਪਾਸੇ, ਸੱਜੇ-ਪੱਖੀ ਲਿਬਰਲ ਪਾਰਟੀ ਦਾ ਉਮੀਦਵਾਰ ਫਲਾਵੀਓ ਅਪਰਾਧ ਅਤੇ ਸੁਰੱਖਿਆ ਦੇ ਮੁੱਦਿਆਂ ਉੱਤੇ ਸਖ਼ਤੀ, ਮੀਟ ਵਰਗੀਆਂ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਉੱਤੇ ਕੰਟਰੋਲ, ਖੁੱਲ੍ਹੀ ਮੰਡੀ ਪੱਖੀ ਸੁਧਾਰਾਂ ਅਤੇ ਅਮਰੀਕਾ ਨਾਲ ਨੇੜਲੇ ਸੁਰੱਖਿਆ ਸਬੰਧਾਂ ਦਾ ਹੋਕਾ ਦਿੰਦਾ ਰਿਹਾ।

ਉਸ ਨੇ ਟਰੰਪ ਤੋਂ ਮੰਗ ਕੀਤੀ ਕਿ ਬ੍ਰਾਜ਼ੀਲ ਦੇ ਗੈਂਗਾਂ ‘ਪੀ ਸੀ ਸੀ’ ਅਤੇ ‘ਕਮਾਂਡੋ ਵਰਮੇਲੋ’ ਨੂੰ ਦਹਿਸ਼ਤਗਰਦ ਜਥੇਬੰਦੀਆਂ ਐਲਾਨਿਆ ਜਾਵੇ, ਜੋ ਅਮਰੀਕੀ ਦਖ਼ਲ ਲਈ ਖੁੱਲ੍ਹਾ ਸੱਦਾ ਸੀ। ਉਹ ਆਪਣੇ ਪਿਤਾ ਜਾਇਰ ਬੋਲਸੋਨਾਰੋ ਦੀ ਸਿਆਸੀ ਵਿਰਾਸਤ ਨੂੰ ਅੱਗੇ ਤੋਰਨ ਦੇ ਨਾਂ ਉੱਤੇ ਚੋਣ ਲੜ ਰਿਹਾ ਸੀ। ਇਹ ਉਹੀ ਜਾਇਰ ਬੋਲਸੋਨਾਰੋ ਹੈ ਜਿਸ ਨੇ 2022 ਦੀ ਹਾਰ ਨੂੰ ਕਦੇ ਪ੍ਰਵਾਨ ਨਹੀਂ ਕੀਤਾ ਤੇ ਜਿਸ ਦੇ ਸਮਰਥਕਾਂ ਨੇ 8 ਜਨਵਰੀ 2023 ਨੂੰ ਬ੍ਰਾਜ਼ੀਲ ਦੀ ਸੰਸਦ, ਸੁਪਰੀਮ ਕੋਰਟ ਤੇ ਰਾਸ਼ਟਰਪਤੀ ਭਵਨ ਉੱਤੇ ਹੱਲਾ ਬੋਲਿਆ ਸੀ ਅਤੇ ਇਸ ਲਈ ਜਾਇਰ ਬੋਲਸੋਨਾਰੋ ਨੂੰ ਤਖ਼ਤ ਪਲਟੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ 27 ਸਾਲ ਦੀ ਸਜ਼ਾ ਹੋ ਚੁੱਕੀ ਹੈ। ਇਸ ਤੋਂ ਇਲਾਵਾ ਬਦਨਾਮ ਬੈਂਕਰ ਡੇਨੀਅਲ ਵੋਰਕਾਰੋ ਤੋਂ ਪੈਸੇ ਮੰਗਣ ਦੀ ਲੀਕ ਹੋਈ ਰਿਕਾਰਡਿੰਗ ਅਤੇ ਪਰਿਵਾਰ ਦੇ ਅੰਦਰੂਨੀ ਕਲੇਸ਼ ਨੇ ਵੀ ਫਲਾਵੀਓ ਦੀ ਸਾਖ਼ ਨੂੰ ਖੋਰਾ ਲਾਇਆ ਹੈ।

ਇਨ੍ਹਾਂ ਚੋਣਾਂ ਦਾ ਸਭ ਤੋਂ ਵੱਡਾ ਕਾਰਕ ਅਮਰੀਕੀ ਸਾਮਰਾਜ ਦਾ ਸ਼ਰ੍ਹੇਆਮ ਦਖ਼ਲ ਸੀ। 2025 ਵਿੱਚ ਟਰੰਪ ਨੇ ਬ੍ਰਾਜ਼ੀਲ ਉੱਤੇ 50 ਫ਼ੀਸਦੀ ਟੈਰਿਫ ਥੋਪ ਦਿੱਤਾ ਅਤੇ ਬੋਲਸੋਨਾਰੋ ਵਿਰੁੱਧ ਚੱਲ ਰਹੇ ਮੁਕੱਦਮੇ ਨਾਲ ਜੋੜਦਿਆਂ ਇਸ ਨੂੰ ‘ਵਿਚਹੰਟ’ ਕਰਾਰ ਦਿੱਤਾ। ਜੁਲਾਈ 2026 ਵਿੱਚ ਚੋਣਾਂ ਤੋਂ ਐਨ ਪਹਿਲਾਂ ਟਰੰਪ ਨੇ ਨਵੇਂ 25 ਫ਼ੀਸਦੀ ਟੈਰਿਫ਼ ਲਾ ਦਿੱਤੇ ਅਤੇ ਬ੍ਰਾਜ਼ੀਲੀ ਗੈਂਗਾਂ ਨੂੰ ਦਹਿਸ਼ਤਗਰਦ ਐਲਾਨਣ ਦਾ ਕਦਮ ਚੁੱਕਿਆ। ਫਲਾਵੀਓ ਵ੍ਹਾਈਟ ਹਾਊਸ ਜਾ ਕੇ ਟਰੰਪ ਅੱਗੇ ਟੈਰਿਫ ਦਾ ਫ਼ੈਸਲਾ ਚੋਣਾਂ ਤੋਂ ਬਾਅਦ ਕਰਨ ਲਈ ਹਾੜ੍ਹੇ ਕੱਢਦਾ ਰਿਹਾ। ਅਮਰੀਕੀ ਵਿਦੇਸ਼ ਵਿਭਾਗ ਨੇ ਬੋਲਸੋਨਾਰੋ ਪਰਿਵਾਰ ਨੂੰ ਮੁੜ ਸੱਤਾ ਵਿੱਚ ਲਿਆਉਣ ਲਈ ਬਾਕਾਇਦਾ ਮੁਹਿੰਮ ਚਲਾਈ ਪਰ ਇਨ੍ਹਾਂ ਸਾਮਰਾਜੀ ਚਾਲਾਂ ਨਾਲ ਲੂਲਾ ਦੀ ਥਾਂ ਬੋਲਸੋਨਾਰੋ ਪਰਿਵਾਰ ਦਾ ਨੁਕਸਾਨ ਹੋਇਆ।

ਸਰਵੇਖਣਾਂ ਵਿੱਚ ਜ਼ਿਆਦਾਤਰ ਬ੍ਰਾਜ਼ੀਲੀਆਂ ਨੇ ਟੈਰਿਫਾਂ ਲਈ

ਬ੍ਰਾਜ਼ੀਲ ’ਚ ਖੱਬੇ-ਪੱਖੀਆਂ ਦੀ ਵਾਪਸੀ (ਜਾਰੀ)

ਫਲਾਵੀਓ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ 63 ਫ਼ੀਸਦੀ ਲੋਕਾਂ ਨੇ ਮੰਨਿਆ ਕਿ ਇਹ ਟੈਰਿਫ ਉਨ੍ਹਾਂ ਦੇ ਪਰਿਵਾਰਾਂ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰਨਗੇ। ਲੂਲਾ ਨੇ ਬੋਲਸੋਨਾਰੋ ਪਰਿਵਾਰ ਨੂੰ ਅਜਿਹੇ ਲੋਕਾਂ ਵਜੋਂ ਪੇਸ਼ ਕੀਤਾ, ਜੋ ਵਾਸ਼ਿੰਗਟਨ ਨੂੰ ਖ਼ੁਸ਼ ਕਰਨ ਲਈ ਮੁਲਕ ਦੇ ਹਿੱਤ ਗਹਿਣੇ ਰੱਖਣ ਨੂੰ ਤਿਆਰ ਹਨ। ਜਿੱਤ ਮਗਰੋਂ ਲੂਲਾ ਨੇ ਆਖਿਆ ਕਿ ਬ੍ਰਾਜ਼ੀਲ ਕਿਸੇ ਵਿਦੇਸ਼ੀ ਤਾਕਤ ਦਾ ਗੜ੍ਹ ਨਹੀਂ ਹੈ। ਇਹ ਲਾਤੀਨੀ ਅਮਰੀਕਾ ਨੂੰ ਆਪਣਾ ‘ਬਗੀਚਾ’ ਸਮਝਣ ਵਾਲੀ ਸਦੀਆਂ ਪੁਰਾਣੀ ਸਾਮਰਾਜੀ ਸੋਚ ਦੇ ਮੂੰਹ ਉੱਤੇ ਕਰਾਰੀ ਚਪੇੜ ਸੀ। ਚਿੱਲੀ ਵਾਂਗ ਬ੍ਰਾਜ਼ੀਲ ਵੀ ਨਵ-ਉਦਾਰਵਾਦੀ ਨੀਤੀਆਂ ਦੀ ਪ੍ਰਯੋਗਸ਼ਾਲਾ ਰਿਹਾ ਹੈ। ਜਾਇਰ ਬੋਲਸੋਨਾਰੋ ਦੇ ਰਾਜ (2019-22) ਦੌਰਾਨ ਸ਼ਿਕਾਗੋ ਸਕੂਲ ਦੇ ਪੜ੍ਹੇ ਅਰਥਸ਼ਾਸਤਰੀ ਪਾਓਲੋ ਗੁਏਦਸ ਦੀ ਅਗਵਾਈ ਹੇਠ ਪੈਨਸ਼ਨ ਸੁਧਾਰਾਂ ਦੇ ਨਾਂ ਉੱਤੇ ਕਿਰਤੀ ਲੋਕਾਂ ਦੇ ਬੁਢਾਪੇ ਦਾ ਸਹਾਰਾ ਖੋਹਿਆ, ਇਲੈਕਟ੍ਰੋਬ੍ਰਾਸ ਵਰਗੀਆਂ ਜਨਤਕ ਕੰਪਨੀਆਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਿਆ, ਕਿਰਤ ਕਾਨੂੰਨਾਂ ਨੂੰ ਹੋਰ ਢਿੱਲਾ ਕੀਤਾ ਅਤੇ ਐਮਾਜ਼ੋਨ ਜੰਗਲਾਂ ਨੂੰ ਖੇਤੀ-ਕਾਰੋਬਾਰੀ ਅਤੇ ਖਣਨ ਲੌਬੀ ਵੱਲੋਂ ਅੰਨ੍ਹੀ ਲੁੱਟ ਲਈ ਖੁੱਲ੍ਹਾ ਛੱਡ ਦਿੱਤਾ ਗਿਆ। ਬ੍ਰਾਜ਼ੀਲ ਦੀ ਸਿਆਸਤ ਵਿੱਚ ਇਸ ਗੱਠਜੋੜ ਨੂੰ ‘ਬਾਈਬਲ, ਬੀਫ ਅਤੇ ਬੁਲੇਟ’ ਭਾਵ ਕੱਟੜ ਧਾਰਮਿਕਤਾ, ਵੱਡੇ ਭੂਮੀਪਤੀ ਅਤੇ ਬੰਦੂਕ ਦਾ ਗੱਠਜੋੜ ਕਿਹਾ ਜਾਂਦਾ ਹੈ। ਫਲਾਵੀਓ ਇਸੇ ਵਿਰਾਸਤ ਦਾ ਵਾਰਿਸ ਸੀ। ਭਾਰਤ ਵਿੱਚ ਤਿੰਨ ਖੇਤੀ ਕਾਨੂੰਨ ਵੀ ਇਸੇ ਨਵ-ਉਦਾਰਵਾਦੀ ਸੋਚ ਦੀ ਦੇਣ ਸਨ, ਜਿਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ ਉੱਤੇ ਬੈਠ ਕੇ ਰੱਦ ਕਰਵਾਇਆ ਸੀ। ਬ੍ਰਾਜ਼ੀਲ ਦੇ ਲੋਕਾਂ ਨੇ ਵੀ ਇਹ ਮਾਰ ਆਪਣੇ ਪਿੰਡੇ ਉੱਤੇ ਹੰਢਾਈ ਹੈ।

ਸਾਮਰਾਜੀ ਵਿੱਤੀ ਸਰਮਾਇਆ ਕਿਸ ਧਿਰ ਨਾਲ ਖੜ੍ਹਾ ਸੀ ਇਹ ਪਹਿਲੇ ਗੇੜ ਤੋਂ ਬਾਅਦ ਹੀ ਸਾਫ਼ ਹੋ ਗਿਆ ਸੀ ਜਦੋਂ ਫਲਾਵੀਓ ਦੀ ਚੜ੍ਹਤ ਉੱਤੇ ਵਿੱਤੀ ਮੰਡੀਆਂ ਨੇ ਬਾਘੀਆਂ ਪਾਈਆਂ। ਟਰੰਪ ਨੇ ਵੀ ਇਸ ਨੂੰ ‘ਵੱਡੀ ਜਿੱਤ’ ਕਹਿ ਕੇ ਵਧਾਈ ਦਿੱਤੀ ਅਤੇ ਅਰਜਨਟੀਨਾ ਦਾ ਘੋਰ ਸੱਜੇ-ਪੱਖੀ ਰਾਸ਼ਟਰਪਤੀ ਮਿਲੇਈ ਤਾਂ ਖੁੱਲ੍ਹ ਕੇ ਫਲਾਵੀਓ ਦੇ ਹੱਕ ਵਿੱਚ ਪ੍ਰਚਾਰ ਕਰਨ ਬ੍ਰਾਜ਼ੀਲ ਆ ਪਹੁੰਚਿਆ। ਜਦੋਂ ਨਤੀਜੇ ਉਲਟ ਗਏ ਤਾਂ ਸੱਜੇ-ਪੱਖੀਆਂ ਦਾ ਲੋਕਤੰਤਰ ਵਿਰੋਧੀ ਚਿਹਰਾ ਮੁੜ ਨੰਗਾ ਹੋ ਗਿਆ। ਆਪਣੇ ਪਿਤਾ ਵਾਂਗ ਫਲਾਵੀਓ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਵੋਟਿੰਗ ਦਾ ਸਮਾਂ ਦੋ ਘੰਟੇ ਵਧਾਉਣ ਨੂੰ ਬਹਾਨਾ ਬਣਾ ਕੇ ਨਤੀਜੇ ਰੱਦ ਕਰਨ ਦੀ ਮੰਗ ਕੀਤੀ। ਟਰੰਪ ਨੇ ਨਤੀਜੇ ਉੱਤੇ ਧਾਂਦਲੀ ਦਾ ਰੌਲਾ ਪਾਇਆ। ਆਪਣੀ ਹਾਰ ਤੋਂ ਦੋ ਦਿਨ ਬਾਅਦ ਫਲਾਵੀਓ ਅਮਰੀਕਾ ਜਾ ਬੈਠਾ ਤੇ ਵਾਸ਼ਿੰਗਟਨ ਦੀ ਧਰਤੀ ਉੱਤੇ ਖੜ੍ਹ ਕੇ ਉਸ ਨੇ ਖ਼ੁਦ ਨੂੰ ‘ਅਸਲ ਚੁਣਿਆ ਹੋਇਆ ਰਾਸ਼ਟਰਪਤੀ’ ਐਲਾਨਿਆ। ਇਸ ਵਕਤ ਲੂਲਾ ਸਰਕਾਰ ਅੱਗੇ ਵੱਡੀਆਂ ਚੁਣੌਤੀਆਂ ਹਨ। ਪਹਿਲੀ, ਪਹਿਲੇ ਗੇੜ ਦੀਆਂ ਸੰਸਦੀ ਅਤੇ ਸੂਬਾਈ ਚੋਣਾਂ ਵਿੱਚ ਬੋਲਸੋਨਾਰੋਵਾਦ ਨੇ ਸੈਨੇਟ, ਹੇਠਲੇ ਸਦਨ ਅਤੇ ਸਭ ਤੋਂ ਵੱਧ ਵੋਟਰਾਂ ਵਾਲੇ ਤਿੰਨ ਸੂਬਿਆਂ ਵਿੱਚ ਆਪਣੀ ਪਕੜ ਮਜ਼ਬੂਤ ਕੀਤੀ ਹੈ। ਵਰਕਰਜ਼ ਪਾਰਟੀ ਕੋਲ ਕਾਂਗਰਸ ਵਿੱਚ ਬਹੁਮਤ ਨਹੀਂ ਅਤੇ ਭਲਾਈ ਭੱਤਿਆਂ ਵਿੱਚ 15 ਫ਼ੀਸਦੀ ਵਾਧੇ ਅਤੇ ਮੁਫ਼ਤ ਆਵਾਜਾਈ ਵਰਗੇ ਵਾਅਦਿਆਂ ਲਈ ਕਾਂਗਰਸ ਦੀ ਪ੍ਰਵਾਨਗੀ ਜ਼ਰੂਰੀ ਹੈ। ਦੂਜੀ, ਮੁਲਕ ਦਾ ਜਨਤਕ ਕਰਜ਼ਾ ਕੁੱਲ ਘਰੇਲੂ ਉਤਪਾਦ ਦੇ 80 ਫ਼ੀਸਦੀ ਤੋਂ ਟੱਪ ਚੁੱਕਾ ਹੈ ਅਤੇ ਰਿਕਾਰਡ 8 ਕਰੋੜ 40 ਲੱਖ ਬ੍ਰਾਜ਼ੀਲੀ ਕਰਜ਼ੇ ਦੀ ਪੰਡ ਹੇਠ ਦੱਬੇ ਕਿਸ਼ਤਾਂ ਤਾਰਨ ਤੋਂ ਅਸਮਰੱਥ ਹਨ। ਤੀਜੀ, ਮੁਲਕ ਦਾ ਸਨਅਤੀ ਢਾਂਚਾ ਦਹਾਕਿਆਂ ਤੋਂ ਖੋਰੇ ਦਾ ਸ਼ਿਕਾਰ ਹੈ ਅਤੇ ਨੌਜਵਾਨਾਂ ਦਾ ਵੱਡਾ ਹਿੱਸਾ ਕੱਚੀਆਂ ਨੌਕਰੀਆਂ ਵਿੱਚ ਫਸਿਆ ਹੋਇਆ ਹੈ।

ਇਸ ਹਾਲਤ ਵਿੱਚ ਲੂਲਾ ਸਰਕਾਰ ਅੱਗੇ ਵੀ ਉਹੀ ਦੁਬਿਧਾ ਹੈ, ਜੋ ਚਿੱਲੀ ਵਿੱਚ ਬੋਰਿਸ਼ ਅੱਗੇ ਸੀ। ਜੇ ਭਲਾਈ ਯੋਜਨਾਵਾਂ ਲਈ ਬੇਹੱਦ ਅਮੀਰਾਂ ਉੱਤੇ ਟੈਕਸ ਵਧਾਏ ਜਾਂਦੇ ਹਨ ਤਾਂ ਸਰਮਾਇਆ ਮੁਲਕ ਤੋਂ ਜਾਣ ਦਾ ਡਰ ਹੋਵੇਗਾ। ਜੇ ਵਿਦੇਸ਼ੀ ਨਿਵੇਸ਼ ਲਈ ਛੋਟਾਂ ਦਿੱਤੀਆਂ ਜਾਂਦੀਆਂ ਹਨ ਤਾਂ ਲੋਕ-ਪੱਖੀ ਵਾਅਦੇ ਕਾਗਜ਼ੀ ਬਿਆਨਬਾਜ਼ੀ ਰਹਿ ਜਾਣਗੇ। ਵੱਡੀਆਂ ਜਾਇਦਾਦਾਂ ਉੱਤੇ ਟੈਕਸ, ਸਨਅਤ ਵਿੱਚ ਜਨਤਕ ਨਿਵੇਸ਼ ਅਤੇ ਕੁਦਰਤੀ ਸਰੋਤਾਂ ਉੱਤੇ ਕੌਮੀ ਕੰਟਰੋਲ ਵਰਗੇ ਢਾਂਚਾਗਤ ਕਦਮਾਂ ਤੋਂ ਬਿਨਾਂ ਨਕਦ ਸਹਾਇਤਾ ਵਾਲੀਆਂ ਯੋਜਨਾਵਾਂ ਜ਼ਖ਼ਮ ਉੱਤੇ ਪੱਟੀ ਤਾਂ ਬਣ ਸਕਦੀਆਂ ਹਨ, ਮੱਲ੍ਹਮ ਨਹੀਂ। ਭੂ-ਸਿਆਸੀ ਪੱਖ ਤੋਂ ਲੂਲਾ ਦੀ ਜਿੱਤ ਦਾ ਅਰਥ ਬ੍ਰਾਜ਼ੀਲ ਦੀਆਂ ਹੱਦਾਂ ਤੋਂ ਕਿਤੇ ਵੱਡਾ ਹੈ। ਲੂਲਾ ਬ੍ਰਿਕਸ ਦੇ ਬਾਨੀਆਂ ਵਿੱਚੋਂ ਇੱਕ ਹੈ ਅਤੇ ਅੱਜ ਇਹ ਸਮੂਹ ਮਿਸਰ, ਇਥੋਪੀਆ, ਇਰਾਨ, ਸਾਊਦੀ ਅਰਬ, ਯੂ ਏ ਈ ਅਤੇ ਇੰਡੋਨੇਸ਼ੀਆ ਦੀ ਸ਼ਮੂਲੀਅਤ ਨਾਲ ਬ੍ਰਿਕਸ ਪਲੱਸ ਬਣ ਚੁੱਕਾ ਹੈ, ਜਿਸ ਨੂੰ ਟਰੰਪ ਡਾਲਰ ਦੀ ਚੌਧਰ ਅਤੇ ਅਮਰੀਕੀ ਸਰਦਾਰੀ ਲਈ ਵੰਗਾਰ ਸਮਝਦਾ ਹੈ। ਚੀਨ ਅੱਜ ਬ੍ਰਾਜ਼ੀਲ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਚੋਣ ਮੁਹਿੰਮ ਦੌਰਾਨ ਲੂਲਾ ਨੇ ਬ੍ਰਾਜ਼ੀਲ ਦੇ ਅਹਿਮ ਖਣਿਜਾਂ ਉੱਤੇ ਅਮਰੀਕੀ ਅੱਖ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਭਵਿੱਖ ਦੀ ਤਕਨੀਕੀ ਦੌੜ ਵਿੱਚ ਇਹ ਖਣਿਜ ਨਵਾਂ ਤੇਲ ਹਨ ਤੇ ਸਾਮਰਾਜੀ ਤਾਕਤਾਂ ਇਨ੍ਹਾਂ ਉੱਤੇ ਵੀ ਉਸੇ ਤਰ੍ਹਾਂ ਕਬਜ਼ਾ ਕਰਨਾ ਚਾਹੁੰਦੀਆਂ ਹਨ ਜਿਵੇਂ ਉਸ ਨੇ ਚਿੱਲੀ ਦੇ ਤਾਂਬੇ ਉੱਤੇ ਕੀਤਾ ਸੀ। ਲੂਲਾ ਅੱਗੇ ਚੁਣੌਤੀ ਇਹ ਵੀ ਹੈ ਕਿ ਇਰਾਨ ਅਤੇ ਰੂਸ ਦੀ ਸ਼ਮੂਲੀਅਤ ਵਾਲੇ ਬ੍ਰਿਕਸ ਵਿੱਚ ਬ੍ਰਾਜ਼ੀਲ ਆਪਣੀ ਸੁਤੰਤਰ ਵਿਦੇਸ਼ ਨੀਤੀ ਬਚਾ ਕੇ ਰੱਖੇ ਅਤੇ ਚੀਨ ਦਾ ਵਪਾਰਕ ਪਿਛਲੱਗ ਬਣਨ ਤੋਂ ਵੀ ਬਚੇ।

ਇਸ ਜਿੱਤ ਦਾ ਲਾਤੀਨੀ ਅਮਰੀਕਾ ਲਈ ਵਿਸ਼ੇਸ਼ ਅਰਥ ਹੈ। ਕੁਝ ਸਾਲ ਪਹਿਲਾਂ ਜਿਸ ‘ਗੁਲਾਬੀ ਲਹਿਰ’ ਦੀ ਅੰਗੜਾਈ ਬਾਰੇ ਖੱਬੇ-ਪੱਖੀਆਂ ਵਿੱਚ ਹੁਲਾਸ ਸੀ, ਉਸ ਨੂੰ ਸੱਜੇ-ਪੱਖੀ ਜਵਾਰਭਾਟੇ ਨੇ ਪਿੱਛੇ ਧੱਕ ਦਿੱਤਾ ਸੀ। ਅਰਜਨਟੀਨਾ ਵਿੱਚ ਮਿਲੇਈ ਤੋਂ ਲੈ ਕੇ ਪੇਰੂ ਤੇ ਕੋਲੰਬੀਆ ਤੱਕ ਟਰੰਪ-ਪੱਖੀ ਸਰਕਾਰਾਂ ਆ ਗਈਆਂ ਅਤੇ ਚਿੱਲੀ ਵਿੱਚ ਵੀ ਉਹੀ ਖੋਸੇ ਅੰਤੋਨੀਓ ਕਾਸਤ ਸੱਤਾ ਵਿੱਚ ਆ ਗਿਆ, ਜਿਸ ਨੂੰ ਕਦੇ ਖੱਬੇ-ਪੱਖੀ ਨੌਜਵਾਨ ਗਾਬਰੀਅਲ ਬੋਰਿਸ਼ ਨੇ ਹਰਾਇਆ ਸੀ। ਇਸ ਹਨੇਰੇ ਵਿੱਚ ਬ੍ਰਾਜ਼ੀਲ ਦਾ ਫ਼ਤਵਾ ਸੱਜੇ-ਪੱਖੀ ਲਹਿਰ ਅੱਗੇ ਇੱਕ ਮਜ਼ਬੂਤ ਬੰਨ੍ਹ ਹੈ ਤੇ ਦੁਨੀਆ ਭਰ ਦੇ ਖੱਬਿਆਂ ਲਈ ਰੁਮਕਦੀ

ਸੂਚਨਾ

Lok Sanjh LLC is a registered newspaper in the State of Illinois.

ਅਖ਼ਬਾਰ ਵਿੱਚ ਛਪੀਆਂ ਖ਼ਬਰਾਂ ਜਾਂ ਇਸ਼ਤਿਹਾਰਾਂ ਨਾਲ ਪ੍ਰਕਾਸ਼ਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਬ੍ਰਾਜ਼ੀਲ ’ਚ ਖੱਬੇ-ਪੱਖੀਆਂ ਦੀ ਵਾਪਸੀ (ਜਾਰੀ)

ਹਵਾ ਦਾ ਬੁੱਲ੍ਹਾ। ਭਾਰਤ ਲਈ ਵੀ ਇਹ ਜਿੱਤ ਅਹਿਮ ਹੈ। ਬ੍ਰਿਕਸ, ਭਾਰਤ-ਬ੍ਰਾਜ਼ੀਲ-ਦੱਖਣੀ ਅਫਰੀਕਾ ਦਾ ‘ਇਬਸਾ’ ਮੰਚ ਤੇ ਜੀ-20 ਦੋਵਾਂ ਮੁਲਕਾਂ ਨੂੰ ਜੋੜਦੇ ਹਨ ਅਤੇ ਦੋਵੇਂ ਟਰੰਪ ਦੀ ਟੈਰਿਫ ਨੀਤੀ ਦੇ ਸ਼ਿਕਾਰ ਹਨ। ਲਾਤੀਨੀ ਅਮਰੀਕੀ ਮੁਲਕਾਂ ਦੀ ਸਾਮਰਾਜ ਵਿਰੋਧੀ ਸੰਘਰਸ਼ ਦੀ ਆਪਣੀ ਸ਼ਾਨਾਂਮੱਤੀ ਵਿਰਾਸਤ ਹੈ। ਲੂਲਾ ਉਸ ਵਿਰਾਸਤ ਦਾ ਜਿਊਂਦਾ-ਜਾਗਦਾ ਹਿੱਸਾ ਹੈ। ਉਸ ਦੀ ਜਿੱਤ ਬ੍ਰਾਜ਼ੀਲ ਦੇ ਲੋਕਾਂ ਦੁਆਰਾ ਨਵ-ਉਦਾਰਵਾਦੀ ਨੀਤੀਆਂ ਅਤੇ ਵਿਦੇਸ਼ੀ ਦਖ਼ਲਅੰਦਾਜ਼ੀ ਉੱਤੇ ਦਿੱਤਾ ਗਿਆ ਸਿੱਧਾ ਪ੍ਰਤੀਕਰਮ ਹੈ। ਉਸ ਦੀ ਅਸਲ ਪਰਖ ਸਾਮਰਾਜੀ ਸਰਮਾਏ, ਦੇਸੀ ਸੱਜੇ-ਪੱਖੀ ਤਾਕਤਾਂ ਅਤੇ ਅਮਰੀਕੀ ਦਾਬੇ ਦੇ ਹੁੰਦਿਆਂ ਲੋਕਾਂ ਨਾਲ ਕੀਤੇ ਵਾਅਦਿਆਂ ਉੱਤੇ ਖਰਾ ਉਤਰਨ ਨਾਲ ਹੋਵੇਗੀ। ਇਉਂ ਬ੍ਰਾਜ਼ੀਲ ਅੰਦਰ ਸਾਮਰਾਜੀ ਦਖ਼ਲ ਅਤੇ ਉਸ ਦੇ ਪਿੱਠੂ ਸੱਜੇ-ਪੱਖੀਆਂ ਨੂੰ ਪਿਛਲਪੈਰੀਂ ਮੋੜਾ ਦੇਣ ਵਾਲਾ ਇਹ ਫ਼ਤਵਾ ਕੋਈ ਬੁਨਿਆਦੀ ਢਾਂਚਾਗਤ ਸਮਾਜਵਾਦੀ ਤਬਦੀਲੀ ਨਹੀਂ ਹੈ, ਪਰ ਸੱਜੇ-ਪੱਖੀ ਫਾਸ਼ੀਵਾਦੀ ਤਾਕਤਾਂ ਦੇ ਲੋਕ-ਮਾਰੂ ਰੱਥ ਨੂੰ ਵਕਤੀ ਤੌਰ ’ਤੇ ਠੱਲ੍ਹਣ ਵਾਲਾ ਹਾਂ-ਪੱਖੀ ਵਰਤਾਰਾ ਜ਼ਰੂਰ ਹੈ।

ਖੇਡਾਂ • ਅੰਮ੍ਰਿਤਸਰ

ਅੰਮ੍ਰਿਤਸਰ, ਅਣਗਹਿਲੀ ਅਤੇ ਆਵਾਜਾਈ

ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਦੇ 450 ਸਾਲ ਮੁਕੰਮਲ ਹੋਣ ਦੇ ਜਸ਼ਨ ਮਨਾਏ ਜਾ ਰਹੇ ਹਨ, ਪਰ ਇੱਥੋਂ ਦੇ ਵਸਨੀਕ ਅਤੇ ਸ਼ਰਧਾਲੂ ਅਜੇ ਵੀ ਇੱਕ ਭਰੋਸੇਯੋਗ ਜਨਤਕ ਆਵਾਜਾਈ ਪ੍ਰਣਾਲੀ ਦੀ ਉਡੀਕ ਕਰ ਰਹੇ ਹਨ।

ਨੌਂ ਰੂਟਾਂ ਉੱਤੇ 160 ਕਿਲੋਮੀਟਰ ਦੇ ਦਾਇਰੇ ਵਿੱਚ 100 ਇਲੈਕਟ੍ਰਿਕ ਬੱਸਾਂ ਚਲਾਉਣ ਦੀ ਤਾਜ਼ਾ ਤਜਵੀਜ਼ ਇੱਕ ਨਵਾਂ ਮੌਕਾ ਲੈ ਕੇ ਆਈ ਹੈ। ਧਾਰਮਿਕ ਅਸਥਾਨਾਂ, ਵਿੱਦਿਅਕ ਅਦਾਰਿਆਂ, ਹਸਪਤਾਲਾਂ, ਅਟਾਰੀ ਬਾਰਡਰ, ਹਵਾਈ ਅੱਡੇ, ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਹੋਰਨਾਂ ਥਾਵਾਂ ਨੂੰ ਆਪਸ ਵਿੱਚ ਜੋੜਨਾ ਇੱਥੋਂ ਦੇ ਵਸਨੀਕਾਂ ਦੇ ਨਾਲ-ਨਾਲ ਸੈਲਾਨੀਆਂ ਲਈ ਵੀ ਸਫ਼ਰ ਨੂੰ ਸੁਖਾਲਾ ਬਣਾ ਸਕਦਾ ਹੈ। ਇਸ ਦੇ ਕਾਮਯਾਬ ਹੋਣ ਲਈ ਨਿਯਮਿਤ ਫੰਡਿੰਗ, ਲੋੜੀਂਦਾ ਸਟਾਫ਼, ਸਾਂਭ-ਸੰਭਾਲ, ਕਿਫ਼ਾਇਤੀ ਕਿਰਾਏ ਅਤੇ ਬੱਸਾਂ ਦੀਆਂ ਨਿਯਮਿਤ ਫੇਰੀਆਂ ਦਾ ਹੋਣਾ ਬਹੁਤ ਜ਼ਰੂਰੀ ਹੈ। ਨਹੀਂ ਤਾਂ ਵੱਡੇ ਪੱਧਰ ਉੱਤੇ ਪ੍ਰਚਾਰੀ ਗਈ ਇੱਕ ਹੋਰ ਨਵੀਂ ਯੋਜਨਾ ਵੀ ਪਹਿਲੇ ਪ੍ਰੋਜੈਕਟਾਂ ਵਾਂਗ ਅਸਫ਼ਲ ਹੋਣ ਦਾ ਖ਼ਦਸ਼ਾ ਹੋ ਸਕਦਾ ਹੈ। ਅੰਮ੍ਰਿਤਸਰ ਲਈ ਇੱਕ ਅਜਿਹੀ ਸੰਪੂਰਨ ਸ਼ਹਿਰੀ ਆਵਾਜਾਈ ਯੋਜਨਾ ਦੀ ਲੋੜ ਹੈ, ਜਿਹੜੀ ਆਖ਼ਰੀ ਸਿਰੇ ਤੱਕ ਪਹੁੰਚ, ਪੈਦਲ ਚੱਲਣ ਵਾਲਿਆਂ ਲਈ ਸਹੂਲਤਾਂ ਅਤੇ ਟਰੈਫਿਕ ਪ੍ਰਬੰਧਨ ਨੂੰ ਵੀ ਹੱਲ ਕਰੇ। ਜਦੋਂ ਤੱਕ ਸੈਲਾਨੀ ਵੱਖ-ਵੱਖ ਥਾਵਾਂ ’ਤੇ ਆਉਣ-ਜਾਣ ਲਈ ਜੂਝਦੇ ਰਹਿਣਗੇ, ਉਦੋਂ ਤੱਕ ਅੰਮ੍ਰਿਤਸਰ ਦੀ ਸੈਰ-ਸਪਾਟਾ ਸਮਰੱਥਾ ਨੂੰ ਪੂਰੀ ਤਰ੍ਹਾਂ ਸਾਕਾਰ ਨਹੀਂ ਕੀਤਾ ਜਾ ਸਕਦਾ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਰਬਾਦ ਹੋਏ ਸਰਕਾਰੀ ਧਨ ਲਈ ਜਵਾਬਦੇਹੀ ਤੈਅ ਕਰੇ ਅਤੇ ਪ੍ਰਬੰਧਕੀ ਨਿਰੰਤਰਤਾ ਨੂੰ ਯਕੀਨੀ ਬਣਾਏ। ਅੰਮ੍ਰਿਤਸਰ ਵਰਗੇ ਇਤਿਹਾਸਕ ਅਤੇ ਧਾਰਮਿਕ ਅਹਿਮੀਅਤ ਵਾਲੇ ਸ਼ਹਿਰ ਨੂੰ ਇੱਕ ਭਰੋਸੇਯੋਗ ਜਨਤਕ ਆਵਾਜਾਈ ਪ੍ਰਣਾਲੀ ਜ਼ਰੂਰ ਮਿਲਣੀ ਚਾਹੀਦੀ ਹੈ। ਇਹ ਸੈਰ-ਸਪਾਟੇ ਨਾਲ ਜੁੜੀ ਅਜਿਹੀ ਸਹੂਲਤ ਹੈ, ਜਿਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਵਿਸ਼ਵ

ਨਾਵਲਕਾਰ ਹਰਜੀਤ ਅਟਵਾਲ ਅਤੇ ਡਾ. ਗੁਰਪਾਲ ਸਿੰਘ ਸੰਧੂ ਨਾਲ ਰੂਬਰੂ

ਹਰਦਮ ਮਾਨ ਹੇਵਰਡ: ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ), ਕੈਲੀਫੋਰਨੀਆ ਵੱਲੋਂ ਯੂਨੀਅਨ ਸਿਟੀ ਵਿਖੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਹਰਜੀਤ ਅਟਵਾਲ ਅਤੇ ਉੱਘੇ ਸਾਹਿਤ ਆਲੋਚਕ ਡਾ. ਗੁਰਪਾਲ ਸਿੰਘ ਸੰਧੂ ਨਾਲ ਵਿਸ਼ੇਸ਼ ਰੂ-ਬ-ਰੂ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਕੈਨੇਡਾ ਦੇ ਕਹਾਣੀਕਾਰ ਅਮਰਜੀਤ ਸਿੰਘ ਚਾਹਲ ਦੀ ਸ਼ਮੂਲੀਅਤ ਨੇ ਵੀ ਸਮਾਗਮ ਨੂੰ ਵਿਸ਼ੇਸ਼ ਸਾਹਿਤਕ ਰੰਗ ਬਖ਼ਸ਼ਿਆ। ਸਮਾਗਮ ਦੌਰਾਨ ਪੰਜਾਬੀ ਨਾਵਲ ਦੇ ਬਦਲਦੇ ਸਰੋਕਾਰਾਂ, ਪਰਵਾਸੀ ਜੀਵਨ ਦੀਆਂ ਹਕੀਕਤਾਂ, ਸਾਹਿਤਕ ਆਲੋਚਨਾ ਅਤੇ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਵਰਗੇ ਅਹਿਮ ਵਿਸ਼ਿਆਂ ਉੱਤੇ ਵਿਚਾਰ-ਚਰਚਾ ਹੋਈ।

ਸਮਾਗਮ ਦਾ ਸੰਚਾਲਨ ਕਰਦਿਆਂ ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮਹਿਮਾਨ ਸਾਹਿਤਕਾਰਾਂ ਦੀ ਜਾਣ-ਪਛਾਣ ਕਰਵਾਈ ਅਤੇ ਹਰਜੀਤ ਅਟਵਾਲ ਦੀ ਸਾਹਿਤਕ ਦੇਣ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅਟਵਾਲ ਪਿਛਲੇ 49 ਸਾਲਾਂ ਤੋਂ ਇੰਗਲੈਂਡ ਵਿੱਚ ਰਹਿ ਰਹੇ ਹਨ। ਉਨ੍ਹਾਂ ਨੇ ਹੁਣ ਤੱਕ 16 ਨਾਵਲ, 9 ਕਹਾਣੀ-ਸੰਗ੍ਰਹਿ ਅਤੇ ਵੱਖ-ਵੱਖ ਸਾਹਿਤਕ ਵਿਧਾਵਾਂ ਨਾਲ ਸਬੰਧਤ 8 ਹੋਰ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਨੂੰ ਅਮੀਰ ਬਣਾਇਆ ਹੈ।

ਡਾ. ਗੁਰਪਾਲ ਸਿੰਘ ਸੰਧੂ ਨੇ ਹਰਜੀਤ ਅਟਵਾਲ ਦੀ ਨਾਵਲਕਾਰੀ ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਦੇ ਜੀਵਨ, ਸੰਘਰਸ਼ਾਂ ਅਤੇ ਸਮਾਜਿਕ ਤਬਦੀਲੀਆਂ ਨੂੰ ਨਾਵਲ ਵਿਧਾ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਿਆ ਹੈ। ‘ਰੇਤ’, ‘ਸਵਾਰੀ’, ‘ਸਾਊਥ ਹਾਲ’, ‘ਮੋਰ ਉਡਾਰੀ’ ਅਤੇ ‘ਘਰ’ ਉਨ੍ਹਾਂ ਦੀਆਂ ਜ਼ਿਕਰਯੋਗ ਰਚਨਾਵਾਂ ਹਨ। ਉਨ੍ਹਾਂ ਦੇ ਇਤਿਹਾਸਕ ਨਾਵਲ ਵੀ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਨਾਵਲ ‘ਘਰ’ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਲੇਖਕ ਨੇ ਘਰ ਦੀ ਰਵਾਇਤੀ ਪਰਿਭਾਸ਼ਾ ਤੋਂ ਅੱਗੇ ਜਾ ਕੇ ਇਸ ਸੰਕਲਪ ਨੂੰ ਵਧੇਰੇ ਡੂੰਘੇ ਅਤੇ ਵਿਸ਼ਾਲ ਅਰਥ ਦਿੱਤੇ ਹਨ। ਇਸ ਰਚਨਾ ਦਾ ਪੰਜਾਬ ਯੂਨੀਵਰਸਿਟੀ ਦੇ ਬੀ.ਏ. ਭਾਗ ਪਹਿਲੇ ਦੇ ਪਾਠਕ੍ਰਮ ਵਿੱਚ ਸ਼ਾਮਲ ਹੋਣਾ ਵੀ ਇਸ ਦੀ ਸਾਹਿਤਕ ਪ੍ਰਮਾਣਿਕਤਾ ਦਾ ਸਬੂਤ ਹੈ।

ਆਪਣੇ ਸਾਹਿਤਕ ਜੀਵਨ ਬਾਰੇ ਗੱਲ ਕਰਦਿਆਂ ਹਰਜੀਤ ਅਟਵਾਲ ਨੇ ਦੱਸਿਆ ਕਿ ਪੜ੍ਹਨ ਦੀ ਰੁਚੀ ਉਨ੍ਹਾਂ ਅੰਦਰ ਵਿਦਿਆਰਥੀ ਜੀਵਨ ਤੋਂ ਹੀ ਪੈਦਾ ਹੋ ਗਈ ਸੀ। ਅਖ਼ਬਾਰ ‘ਦੇਸ ਪਰਦੇਸ’ ਵਿੱਚ ਕਹਾਣੀਕਾਰ ਵਜੋਂ ਪਛਾਣ ਬਣਨ ਦੇ ਬਾਵਜੂਦ ਉਨ੍ਹਾਂ ਦੀ ਦਿਲਚਸਪੀ ਨਾਵਲ ਲਿਖਣ ਵੱਲ ਸੀ। ਉਨ੍ਹਾਂ ਦੱਸਿਆ ਕਿ 1982 ਵਿੱਚ ਲਿਖਿਆ ਆਪਣਾ ਪਹਿਲਾ ਨਾਵਲ ਛੇ ਮਹੀਨਿਆਂ ਦੀ ਮਿਹਨਤ ਤੋਂ ਬਾਅਦ ਉਨ੍ਹਾਂ ਨੇ ਖੁਦ ਹੀ ਰੱਦ ਕਰ ਦਿੱਤਾ ਸੀ। ਇਸ ਤਜਰਬੇ ਨੇ ਉਨ੍ਹਾਂ ਨੂੰ ਨਾਵਲ ਲਿਖਣ ਲਈ ਹੋਰ ਤਿਆਰੀ ਅਤੇ ਅਧਿਐਨ ਕਰਨ ਵੱਲ ਪ੍ਰੇਰਿਆ। ਇਸ ਤੋਂ ਬਾਅਦ ਨਿਰੰਤਰ ਸਾਧਨਾ ਅਤੇ ਲਿਖਣ ਦੀ ਲਗਨ ਨਾਲ ਉਨ੍ਹਾਂ ਨੇ



ਨਾਵਲਕਾਰ ਹਰਜੀਤ ਅਟਵਾਲ ਅਤੇ ਡਾ. ਗੁਰਪਾਲ ਸਿੰਘ ਸੰਧੂ ਨਾਲ ਰੂਬਰੂ

ਨਾਵਲਕਾਰ ਹਰਜੀਤ ਅਟਵਾਲ ਅਤੇ ਡਾ. ਗੁਰਪਾਲ ਸਿੰਘ ਸੰਧੂ ਨਾਲ ਰੂਬਰੂ (ਜਾਰੀ)

ਅਜਿਹੀਆਂ ਰਚਨਾਵਾਂ ਪਾਠਕਾਂ ਸਾਹਮਣੇ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ।

ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸਵੈ-ਜੀਵਨੀਆਂ ਦੇ ਅਧਿਐਨ ਨੇ ਉਨ੍ਹਾਂ ਦੀ ਸੋਚ ਅਤੇ ਲੇਖਣੀ ਨੂੰ ਨਵੀਂ ਦਿਸ਼ਾ ਦਿੱਤੀ। ਆਪਣੀ ਸਿਰਜਣਾਤਮਕ ਯਾਤਰਾ ਵਿੱਚ ਜੀਵਨ ਸਾਥਣ ਦੇ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲਿਖਣ ਪ੍ਰਕਿਰਿਆ ਵਿੱਚ ਹਮੇਸ਼ਾ ਭਰਪੂਰ ਸਹਿਯੋਗ ਮਿਲਦਾ ਰਿਹਾ ਹੈ, ਹਾਲਾਂਕਿ ਪਿਛਲੇ ਦਸ ਸਾਲਾਂ ਤੋਂ ਉਨ੍ਹਾਂ ਦੀ ਜੀਵਨ ਸਾਥਣ ਦੀ ਬਿਮਾਰੀ ਕਾਰਨ ਉਨ੍ਹਾਂ ਦੇ ਸਿਰਜਣਾਤਮਕ ਕਾਰਜ ਉੱਤੇ ਵੀ ਅਸਰ ਪਿਆ ਹੈ। ਇੰਗਲੈਂਡ ਵਿੱਚ ‘ਅਦਾਰਾ ਸ਼ਬਦ’ ਅਤੇ ‘ਸ਼ਬਦ’ ਮੈਗਜ਼ੀਨ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ ਅਜੇ ਵੀ ਲਗਾਤਾਰ ਲਿਖ ਰਹੇ ਹਨ ਅਤੇ ਉਨ੍ਹਾਂ ਦਾ ਨਵਾਂ ਨਾਵਲ ‘ਸੁਣਿ ਸਖੀਏ’ ਪ੍ਰਕਾਸ਼ਿਤ ਹੋ ਚੁੱਕਾ ਹੈ।

ਡਾ. ਗੁਰਪਾਲ ਸਿੰਘ ਸੰਧੂ ਨਾਲ ਆਪਣੀ ਲੰਮੀ ਸਾਂਝ ਦਾ ਜ਼ਿਕਰ ਕਰਦਿਆਂ ਅਟਵਾਲ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਪਿਛਲੇ 25 ਸਾਲਾਂ ਤੋਂ ਜਾਣਦੇ ਹਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਇੱਕ ਅਹਿਮ ਗੱਲ ਸਾਂਝੀ ਕਰਦਿਆਂ ਕਿਹਾ ਕਿ ਵੱਡਾ ਇਨਸਾਨ ਉਹ ਹੁੰਦਾ ਹੈ, ਜਿਸ ਦੇ ਕੋਲ ਬੈਠਾ ਦੂਜਾ ਵਿਅਕਤੀ ਕਦੇ ਵੀ ਆਪਣੇ ਆਪ ਨੂੰ ਛੋਟਾ ਮਹਿਸੂਸ ਨਾ ਕਰੇ। ਉਨ੍ਹਾਂ ਅਨੁਸਾਰ ਇਹ ਗੁਣ ਡਾ. ਸੰਧੂ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਹਿੱਸਾ ਹੈ।

ਇਸੇ ਸੰਦਰਭ ਵਿੱਚ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਡਾ. ਸੰਧੂ ਦੀ ਵਿਦਵਤਾ, ਸਾਦਗੀ ਅਤੇ ਨਿੱਘੇ ਸੁਭਾਅ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਏ ਡਾ. ਸੰਧੂ ਨੇ ਆਲੋਚਨਾ ਦੀਆਂ ਸੱਤ ਪੁਸਤਕਾਂ ਲਿਖਣ ਤੋਂ ਇਲਾਵਾ ਤਿੰਨ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਵਿਦਵਤਾ ਦੇ ਨਾਲ-ਨਾਲ ਸਹਿਜਤਾ, ਸਹਿਯੋਗ ਅਤੇ ਮਨੁੱਖੀ ਸਾਂਝ ਨੂੰ ਵੀ ਬਰਾਬਰ ਮਹੱਤਵ ਦਿੰਦੇ ਹਨ। ਉਨ੍ਹਾਂ ਦੀ ਸੇਵਾ-ਮੁਕਤੀ ਮੌਕੇ ਹਰਜੀਤ ਅਟਵਾਲ ਵੱਲੋਂ ਸੰਪਾਦਿਤ ਪੁਸਤਕ ‘ਆਪਣਾ ਆਪਣਾ ਗੁਰਪਾਲ’ ਇਸ ਸਤਿਕਾਰ ਅਤੇ ਸਨੇਹ ਦਾ ਪ੍ਰਮਾਣ ਹੈ।

ਇਸ ਉਪਰੰਤ ਡਾ. ਗੁਰਪਾਲ ਸਿੰਘ ਸੰਧੂ ਨੇ ਆਪਣੇ ਜੀਵਨ ਦੇ ਸੰਘਰਸ਼, ਅਕਾਦਮਿਕ ਸਫ਼ਰ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਨਾਲ ਆਪਣੀ ਸਾਂਝ ਵਧਾਉਣ, ਵਿਦਿਆਰਥੀਆਂ ਨਾਲ ਸਿੱਧਾ ਸੰਵਾਦ ਰਚਾਉਣ ਅਤੇ ਸਾਹਿਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਉਪਰਾਲੇ ਕਰਨ। ਉਨ੍ਹਾਂ ਦਾ ਇਹ ਵਿਚਾਰ ਸਾਹਿਤ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਾਰਥਕ ਸਬੰਧ ਮਜ਼ਬੂਤ ਕਰਨ ਦੀ ਲੋੜ ਨੂੰ ਉਜਾਗਰ ਕਰਦਾ ਸੀ।

ਕਹਾਣੀਕਾਰ ਅਮਰਜੀਤ ਸਿੰਘ ਚਾਹਲ ਨੇ ਆਪਣੀ ਕਹਾਣੀ-ਕਲਾ ਅਤੇ ਪ੍ਰਕਾਸ਼ਿਤ ਕਹਾਣੀ-ਸੰਗ੍ਰਹਿਆਂ ਬਾਰੇ ਗੱਲ ਕਰਦਿਆਂ ਸਾਹਿਤਕ ਆਲੋਚਨਾ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨਿਰਪੱਖ ਅਤੇ ਉਸਾਰੂ ਆਲੋਚਨਾ ਲੇਖਕ ਦੀ ਸਿਰਜਣਾਤਮਕ ਸਮਰੱਥਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਅਜੋਕੇ ਸਾਹਿਤਕ ਮਾਹੌਲ ਵਿੱਚ ਆਲੋਚਨਾ ਦੀ ਬਜਾਏ ਵਿਆਖਿਆ ਅਤੇ ਪ੍ਰਸ਼ੰਸਾ ਨੂੰ ਵਧੇਰੇ ਮਹੱਤਵ ਦਿੱਤਾ ਜਾ ਰਿਹਾ ਹੈ। ਲੇਖਕਾਂ ਵੱਲੋਂ ਸਿਰਫ਼ ਤਾਰੀਫ਼ ਸੁਣਨ ਦੀ ਪ੍ਰਵਿਰਤੀ ਸਾਹਿਤਕ ਮਿਆਰ ਦੇ ਵਿਕਾਸ ਵਿੱਚ ਰੁਕਾਵਟ ਬਣ ਸਕਦੀ ਹੈ।

ਸਮਾਗਮ ਦੇ ਸਾਹਿਤਕ ਸੈਸ਼ਨ ਵਿੱਚ ਪ੍ਰਿੰਸੀਪਲ ਹਰਨੇਕ ਸਿੰਘ ਨੇ ਆਪਣੀ ਮਿੰਨੀ ਕਹਾਣੀ ‘ਮਹਿਕ’ ਸੁਣਾਈ। ਇਸ ਤੋਂ ਬਾਅਦ ਹੋਏ ਕਵੀ ਦਰਬਾਰ ਵਿੱਚ ਅਮਰਜੀਤ ਜੌਹਲ, ਮੁਕੇਸ਼ ਸ਼ਰਮਾ, ਪ੍ਰਿੰਸੀਪਲ ਹਰਨੇਕ ਸਿੰਘ, ਗੁਲਸ਼ਨ ਦਿਆਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਬਲਦੇਵ ਬਾਵਾ, ਸੁਰਜੀਤ ਸਖੀ ਅਤੇ ਡਾ. ਸੁਖਵਿੰਦਰ ਕੰਬੋਜ ਨੇ ਆਪਣੀਆਂ ਮੌਲਿਕ ਰਚਨਾਵਾਂ ਪੇਸ਼ ਕੀਤੀਆਂ।

ਅੰਤ ਵਿੱਚ ਵਿਪਸਾਅ ਵੱਲੋਂ ਹਰਜੀਤ ਅਟਵਾਲ, ਡਾ. ਗੁਰਪਾਲ ਸਿੰਘ ਸੰਧੂ ਅਤੇ ਅਮਰਜੀਤ ਸਿੰਘ ਚਾਹਲ ਨੂੰ ਸਨਮਾਨ-ਚਿੰਨ੍ਹ ਵਜੋਂ ਸ਼ਾਲਾਂ ਭੇਟ ਕੀਤੀਆਂ ਗਈਆਂ। ਇਸ ਮੌਕੇ ਲਾਜ ਨੀਲਮ ਸੈਣੀ ਨੇ ਹਰਜੀਤ ਅਟਵਾਲ ਨੂੰ ਆਪਣਾ ਨਾਵਲ ‘ਅਲਵਿਦਾ! ਇਸ ਸਾਹਿਤਕ ਮਿਲਣੀ ਵਿੱਚ ਮਹਿੰਗਾ ਸਿੰਘ ਸਰਪੰਚ, ਜੋਤੀ ਸਵੈਚ, ਗੁਰਪ੍ਰੀਤ ਅਤੇ ਬਲਵਿੰਦਰ ਕੋਹਲੀ, ਲਖਵੀਰ ਸਿੰਘ, ਰਵਿੰਦਰ ਕੌਰ, ਰਿੰਮੀ ਸੰਧੂ, ਜੇ. ਸੰਧੂ, ਅਭਿਤਾਬ ਸੈਣੀ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਅਤੇ ਬੁੱਧੀਜੀਵੀ ਹਾਜ਼ਰ ਸਨ।

ਪੰਜਾਬ

ਜਬਰ ਜਨਾਹ ਤੋਂ ਬਾਅਦ ਸਮਝੌਤੇ

ਜਬਰ ਜਨਾਹ ਦੇ ਮਾਮਲਿਆਂ ਅਤੇ ਆਪਸੀ ਸਮਝੌਤਿਆਂ ਬਾਰੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਇੱਕ ਅਜਿਹੀ ਗੱਲ ਯਾਦ ਕਰਵਾਉਂਦੀਆਂ ਹਨ ਕਿ ਇਨਸਾਫ਼ ਨੂੰ ਬੰਦ ਕਮਰਿਆਂ ਵਿੱਚ ਸੌਦੇਬਾਜ਼ੀ ਰਾਹੀਂ ਤੈਅ ਨਹੀਂ ਕੀਤਾ ਜਾ ਸਕਦਾ।

ਸੁਪਰੀਮ ਕੋਰਟ ਵਿੱਚ ਸ਼ਿਕਾਇਤਕਰਤਾ ਦਾ ਇਹ ਬਿਆਨ ਕਿ ਉਸ ਨੂੰ ਸਮਝੌਤਾ ਕਰਨ ਲਈ ਮਜਬੂਰ ਕੀਤਾ ਗਿਆ ਸੀ, ਇਸ ਗੱਲ ਨੂੰ ਸਾਹਮਣੇ ਲਿਆਉਂਦਾ ਹੈ ਕਿ ਅਦਾਲਤਾਂ ਨੂੰ ਅਪਰਾਧਿਕ ਕਾਰਵਾਈਆਂ ਨੂੰ ਖ਼ਤਮ ਕਰਨ ਤੋਂ ਪਹਿਲਾਂ ਕਿਉਂ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ। ਹਾਲਾਂਕਿ, ਇਸ ਸਾਵਧਾਨੀ ਨੂੰ ਅਦਾਲਤ ਦੀ ਇੱਕ ਹੋਰ ਅਹਿਮ ਚਿੰਤਾ ਨਾਲ ਸੰਤੁਲਿਤ ਕੀਤਾ ਜਾਣਾ ਚਾਹੀਦਾ ਹੈ। ਇੱਕ ਵੱਖਰੇ ਫ਼ੈਸਲੇ ਵਿੱਚ ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਸਹਿਮਤੀ ਨਾਲ ਬਣਿਆ ਸਰੀਰਕ ਸਬੰਧ ਸਿਰਫ਼ ਇਸ ਲਈ ਜਬਰ ਜਨਾਹ ਨਹੀਂ ਬਣ

ਜਬਰ ਜਨਾਹ ਤੋਂ ਬਾਅਦ ਸਮਝੌਤੇ (ਜਾਰੀ)

ਸਕਦਾ ਕਿਉਂਕਿ ਬਾਅਦ ਵਿੱਚ ਰਿਸ਼ਤਾ ਵਿਗੜ ਗਿਆ ਹੈ।

ਕਿਸੇ ਰਿਸ਼ਤੇ ਦੇ ਟੁੱਟਣ ਤੋਂ ਬਾਅਦ ਅਪਰਾਧਿਕ ਕਾਨੂੰਨ ਨੂੰ ਬਦਲਾ ਲੈਣ, ਤੰਗ-ਪ੍ਰੇਸ਼ਾਨ ਕਰਨ ਜਾਂ ਜ਼ੋਰ-ਜ਼ਬਰਦਸਤੀ ਦਾ ਹਥਿਆਰ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ। ਇਹ ਦੋਵੇਂ ਫ਼ੈਸਲੇ ਭਾਵੇਂ ਵੱਖ-ਵੱਖ ਹਾਲਾਤ ਵਿੱਚ ਆਏ ਹੋਣ, ਪਰ ਇਨ੍ਹਾਂ ਦਾ ਮੂਲ ਸਿਧਾਂਤ ਇੱਕੋ ਹੈ ਕਿ ਅਦਾਲਤਾਂ ਨੂੰ ਅੰਦਾਜ਼ਿਆਂ ਜਾਂ ਧਾਰਨਾਵਾਂ ’ਤੇ ਚੱਲਣ ਦੀ ਬਜਾਏ ਤੱਥਾਂ, ਸਹਿਮਤੀ ਅਤੇ ਸਥਿਤੀ ਦੀ ਡੂੰਘਾਈ ਨਾਲ ਪੜਤਾਲ ਕਰਨੀ ਚਾਹੀਦੀ ਹੈ। ਜਬਰ ਜਨਾਹ ਦੇ ਹਰ ਦੋਸ਼ ਨੂੰ ਬਿਨਾਂ ਜਾਂਚ ਤੋਂ ਹੀ ਸੱਚ ਨਹੀਂ ਮੰਨ ਲਿਆ ਜਾਣਾ ਚਾਹੀਦਾ।

ਇਸੇ ਤਰ੍ਹਾਂ ਕੇਸ ਵਿੱਚ ਸਮਝੌਤਾ ਕਰਨ ਦੇ ਸ਼ਿਕਾਇਤਕਰਤਾ ਦੇ ਫ਼ੈਸਲੇ ਨੂੰ ਵੀ ਆਪਣੇ ਆਪ ਵਿੱਚ ਉਸ ਦੀ ਆਪਣੀ ਮਰਜ਼ੀ ਨਹੀਂ ਮੰਨ ਲੈਣਾ ਚਾਹੀਦਾ। ਜਬਰ ਜਨਾਹ ਇੱਕ ਘਿਣਾਉਣਾ ਤੇ ਗੰਭੀਰ ਅਪਰਾਧ ਹੈ, ਜੋ ਔਰਤਾਂ ਦੇ ਸਨਮਾਨ, ਸਰੀਰਕ ਖ਼ੁਦਮੁਖ਼ਤਿਆਰੀ ਅਤੇ ਮੌਲਿਕ ਅਧਿਕਾਰਾਂ ਦਾ ਘਾਣ ਕਰਦਾ ਹੈ। ਇਸ ਦੇ ਨਾਲ ਹੀ ਝੂਠੇ ਦੋਸ਼ ਕਿਸੇ ਦੀ ਸਾਖ਼ ਨੂੰ ਦਾਗ਼ਦਾਰ ਕਰ ਸਕਦੇ ਹਨ ਅਤੇ ਨਿਆਂ ਪ੍ਰਣਾਲੀ ਵਿੱਚੋਂ ਲੋਕਾਂ ਦਾ ਭਰੋਸਾ ਘਟਾ ਸਕਦੇ ਹਨ। ਨਿਆਂਪਾਲਿਕਾ ਦੀ ਜ਼ਿੰਮੇਵਾਰੀ ਦੂਹਰੀ ਹੈ, ਇੱਕ ਪਾਸੇ ਅਸਲ ਪੀੜਤਾਂ ਨੂੰ ਡਰ ਤੇ ਧਮਕੀਆਂ ਤੋਂ ਬਚਾਉਣਾ ਅਤੇ ਦੂਜੇ ਪਾਸੇ ਇਹ ਯਕੀਨੀ ਬਣਾਉਣਾ ਕਿ ਇਸ ਕਾਨੂੰਨ ਦੀ ਅਪਰਾਧਿਕ ਪ੍ਰਕਿਰਿਆ ਦੀ ਦੁਰਵਰਤੋਂ ਨਾ ਹੋਵੇ। ਇਨਸਾਫ਼ ਲਈ ਸਬੂਤਾਂ ’ਤੇ ਆਧਾਰਿਤ ਨਿਰਪੱਖ ਸੁਣਵਾਈ ਜ਼ਰੂਰੀ ਹੈ। ਫ਼ੈਸਲਾ ਕਿਸੇ ਸਮਝੌਤੇ ਜਾਂ ਸਮਾਜਿਕ ਦਬਾਅ ਤਹਿਤ ਨਹੀਂ ਸਗੋਂ ਸਚਾਈ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ।

ਵਿਸ਼ਵ

ਅਰਤਿੰਦਰ ਸੰਧੂ ਨਾਲ ਸਾਹਿਤਕ ਸੰਵਾਦ

ਮਾਰਟੀਨਜ਼ (ਕੈਲੀਫਰਨੀਆ): ਪੰਜਾਬੀ ਸਾਹਿਤ ਦੀ ਸਿਰਜਣਾ ਸਿਰਫ਼ ਰਚਨਾਵਾਂ ਲਿਖਣ ਤੱਕ ਸੀਮਤ ਨਹੀਂ, ਸਗੋਂ ਨਵੀਆਂ ਆਵਾਜ਼ਾਂ ਨੂੰ ਪਛਾਣਨ, ਉਨ੍ਹਾਂ ਨੂੰ ਮੰਚ ਦੇਣ ਅਤੇ ਸਾਹਿਤ ਨੂੰ ਸਮਾਜ ਦੇ ਸਰੋਕਾਰਾਂ ਨਾਲ ਜੋੜਨ ਵਿੱਚ ਵੀ ਇਸ ਦੀ ਅਹਿਮ ਭੂਮਿਕਾ ਹੈ।

ਪ੍ਰੋ. ਹਰਿੰਦਰ ਕੌਰ ਸੋਹੀ ਨੇ ਮੰਚ ਸੰਚਾਲਨ ਕਰਦਿਆਂ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਲਾਜ ਨੀਲਮ ਸੈਣੀ ਨੇ ਅਰਤਿੰਦਰ ਸੰਧੂ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 29 ਸਤੰਬਰ 1945 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਖਿਆਲਾ ਵਿਖੇ ਹੋਇਆ। ਉੱਚ ਸਿੱਖਿਆ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਲੰਮਾ ਸਮਾਂ ਅਧਿਆਪਨ ਦੇ ਖੇਤਰ ਵਿੱਚ ਸੇਵਾ ਨਿਭਾਈ ਅਤੇ ਮੁੱਖ ਅਧਿਆਪਕਾ ਵਜੋਂ ਸੇਵਾਮੁਕਤ ਹੋਏ।

ਉਨ੍ਹਾਂ ਕਿਹਾ ਕਿ ਅਰਤਿੰਦਰ ਸੰਧੂ ਨੇ ਕਵਿਤਾ, ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਆਪਣੀ ਸਿਰਜਣਾਤਮਕ ਪਛਾਣ ਬਣਾਈ ਹੈ। ਉਨ੍ਹਾਂ ਦੀ ਸਾਹਿਤਕ ਸਰਗਰਮੀ ਦਾ ਇੱਕ ਮਹੱਤਵਪੂਰਨ ਪੱਖ ‘ਏਕਮ’ ਦੀ ਸੰਪਾਦਨਾ ਹੈ। ਪਿਛਲੇ ਪੰਦਰਾਂ ਸਾਲਾਂ ਤੋਂ ਉਹ ਇਸ ਰਸਾਲੇ ਰਾਹੀਂ ਸਾਹਿਤਕ ਰਚਨਾਵਾਂ ਅਤੇ ਪੁਸਤਕਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਦੇ ਨਾਲ-ਨਾਲ ਨਵੇਂ ਲੇਖਕਾਂ ਲਈ ਵੀ ਰਾਹ ਖੋਲ੍ਹ ਰਹੇ ਹਨ। ਹਰ ਸਾਲ ਕਿਸੇ ਨਵੇਂ ਲੇਖਕ ਦੀ ਪੁਸਤਕ ਨੂੰ ਇਨਾਮ ਦੇ ਕੇ ਉਤਸ਼ਾਹਿਤ ਕਰਨਾ ਇਸੇ ਸਾਹਿਤਕ ਵਚਨਬੱਧਤਾ ਦਾ ਪ੍ਰਗਟਾਵਾ ਹੈ।

ਆਪਣੇ ਸਾਹਿਤਕ ਸਫ਼ਰ ਦੀਆਂ ਪਰਤਾਂ ਖੋਲ੍ਹਦਿਆਂ ਅਰਤਿੰਦਰ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੇ ਨੌਵੀਂ ਜਮਾਤ ਵਿੱਚ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ ਅਤੇ ਪ੍ਰਸਿੱਧ ਕਵੀ ਬਾਵਾ ਬਲਵੰਤ ਦੀ ਸ਼ਾਇਰੀ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ ’ਤੇ ਪ੍ਰਭਾਵਿਤ ਕੀਤਾ। ਕਵਿਤਾ ਦੀਆਂ ਸੋਲ੍ਹਾਂ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਕਹਾਣੀ, ਵਾਰਤਕ ਅਤੇ ਅਨੁਵਾਦ ਦੇ ਖੇਤਰਾਂ ਵਿੱਚ ਵੀ ਕੰਮ ਕੀਤਾ ਹੈ। ਉਨ੍ਹਾਂ ਆਪਣੀ ਕਹਾਣੀ ‘ਸੂਬੇਦਾਰਨੀ ਦਾ ਪੋਤਾ’ ਅਤੇ ਹੋਰ ਲਿਖਤਾਂ ਦੇ ਹਵਾਲੇ ਨਾਲ ਆਪਣੀਆਂ ਸਾਹਿਤਕ ਰੁਚੀਆਂ ਅਤੇ ਸਿਰਜਣਾਤਮਕ ਅਨੁਭਵ ਸਾਂਝੇ ਕੀਤੇ। ‘ਏਕਮ’ ਦੀ ਸੰਪਾਦਨਾ ਬਾਰੇ ਗੱਲ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਰਸਾਲੇ ਵਿੱਚ ਸਥਾਪਿਤ ਲੇਖਕਾਂ ਦੇ ਨਾਲ ਨਵੀਆਂ ਕਲਮਾਂ ਨੂੰ ਵੀ ਢੁੱਕਵੀਂ ਥਾਂ ਦਿੱਤੀ ਜਾਂਦੀ ਹੈ। ਨਵੀਆਂ ਪੁਸਤਕਾਂ ਬਾਰੇ ਜਾਣਕਾਰੀ ਰਸਾਲੇ ਦੇ ਪਿਛਲੇ ਪੰਨੇ ’ਤੇ ਬਿਨਾਂ ਕਿਸੇ ਖ਼ਰਚੇ ਦੇ ਪ੍ਰਕਾਸ਼ਿਤ ਕਰਨਾ ਉਨ੍ਹਾਂ ਦੀ ਉਸ ਸੋਚ ਦਾ ਹਿੱਸਾ ਹੈ, ਜਿਸ ਅਨੁਸਾਰ ਸਾਹਿਤਕ ਮੰਚਾਂ ਨੂੰ ਲੇਖਕਾਂ ਦੀ ਪਛਾਣ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਪ੍ਰਸਾਰ ਵਿੱਚ ਸਹਾਇਕ ਬਣਨਾ ਚਾਹੀਦਾ ਹੈ। ਸਿੱਖਿਆ ਅਤੇ ਔਰਤਾਂ ਨਾਲ ਹੁੰਦੇ ਵਿਤਕਰੇ ਵਰਗੇ ਸਮਾਜਿਕ ਮੁੱਦਿਆਂ ਨੂੰ ਰਸਾਲੇ ਵਿੱਚ ਥਾਂ ਦੇਣ ਬਾਰੇ ਵੀ ਉਨ੍ਹਾਂ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਰਾਜ ਖ਼ੁਸ਼ਵੰਤ ਸਿੰਘ ਸੰਧੂ ਨੇ ਆਪਣੀ ਹਮਸਫ਼ਰ ਅਰਤਿੰਦਰ ਸੰਧੂ ਦੀ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ‘ਏਕਮ’ ਨੂੰ ਪਾਠਕਾਂ ਤੱਕ ਪਹੁੰਚਾਉਣ ਦੇ ਕਾਰਜ ਵਿੱਚ ਉਹ ਵੀ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਹਰਪ੍ਰੀਤ ਕੌਰ ਧੂਤ ਨੇ ਰਸਾਲੇ ਦੇ ਮਿਆਰ ਅਤੇ ਅਰਤਿੰਦਰ ਸੰਧੂ ਦੀ ਸਾਹਿਤਕ ਦੇਣ ਦੀ ਸ਼ਲਾਘਾ ਕੀਤੀ। ਜਗਜੀਤ ਨੌਸ਼ਿਹਰਵੀ ਨੇ ‘ਏਕਮ’ ਵਿੱਚ ਪ੍ਰਕਾਸ਼ਿਤ ਹੁੰਦੀ ਸਮੱਗਰੀ ਦੀ ਗੁਣਵੱਤਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਰਤਿੰਦਰ ਸੰਧੂ ਵਿਦੇਸ਼ਾਂ ਵਿੱਚ ਵੱਸਦੇ ਸਾਹਿਤਕਾਰਾਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੰਦੇ ਹਨ।

ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਅਰਤਿੰਦਰ ਸੰਧੂ ਦੇ ਵਿਚਾਰਾਂ ਨੂੰ ਅਜੋਕੇ ਪੂੰਜੀਵਾਦੀ ਯੁੱਗ, ਬੌਧਿਕਤਾ ਅਤੇ ਮਨੁੱਖੀ ਆਜ਼ਾਦੀ ਦੇ ਸੰਦਰਭ ਵਿੱਚ ਵਿਚਾਰਿਆ। ਡਾ. ਜਸਵੀਰ ਸਿੰਘ ਗਿੱਲ ਨੇ ਜੰਗਲ ਬਾਰੇ ਉਨ੍ਹਾਂ ਦੇ ਲੇਖ ਦੀ ਪ੍ਰਸ਼ੰਸਾ ਕੀਤੀ, ਜਦਕਿ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਉਨ੍ਹਾਂ ਨੂੰ ਸਮਰੱਥ ਲੇਖਿਕਾ ਦੱਸਦਿਆਂ ‘ਏਕਮ’ ਨੂੰ ਮਿਆਰੀ ਸਾਹਿਤਕ ਰਸਾਲਾ ਕਿਹਾ। ਉਨ੍ਹਾਂ ਅਜੋਕੇ ਮਨੁੱਖ ਦੇ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੇ ਜਾਣ ’ਤੇ ਚਿੰਤਾ ਵੀ ਪ੍ਰਗਟਾਈ। ਵਿਪਸਾ ਦੇ ਪ੍ਰਧਾਨ ਕੁਲਵਿੰਦਰ ਨੇ ਬਾਵਾ ਬਲਵੰਤ ਦੀ ਸ਼ਾਇਰੀ ਦੇ ਪੰਜਾਬੀ ਗ਼ਜ਼ਲ ਵਿੱਚ ਯੋਗਦਾਨ ਬਾਰੇ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਸ਼ਾਇਰੀ ਵਿੱਚ ਨਵੀਨਤਾ ਲਿਆਉਣ ਵਾਲੇ ਇਸ ਕਵੀ ਦੇ ਪ੍ਰਭਾਵ ਬਾਰੇ ਸੁਣਨਾ ਉਨ੍ਹਾਂ ਲਈ ਦਿਲਚਸਪੀ ਵਾਲੀ ਗੱਲ ਸੀ।

ਸਾਹਿਤਕ ਸੰਵਾਦ ਤੋਂ ਬਾਅਦ ਹੋਏ ਕਵੀ ਦਰਬਾਰ ਨੇ ਸਮਾਗਮ ਨੂੰ ਕਾਵਿਕ ਰੰਗਤ ਦਿੱਤੀ। ਡਾ. ਜਸਵੀਰ ਸਿੰਘ ਗਿੱਲ, ਅਰਤਿੰਦਰ ਸੰਧੂ, ਅਮਰਜੀਤ ਜੌਹਲ, ਅਜ਼ੀਮ, ਕਾਕਾ ਕਲੇਰ, ਸੁਖਜੀਤ ਸਿੰਘ, ਜਗਜੀਤ ਨੌਸ਼ਿਹਰਵੀ, ਹਰਪ੍ਰੀਤ ਕੌਰ ਧੂਤ, ਕੁਲਵਿੰਦਰ ਅਤੇ ਲਾਜ ਨੀਲਮ ਸੈਣੀ ਸਮੇਤ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਰਣਜੀਤ ਕੌਰ ਅਤੇ ਗਾਇਕ ਸੁਖਦੇਵ ਸਾਹਿਲ ਨੇ ਗੀਤਾਂ ਅਤੇ ਗ਼ਜ਼ਲਾਂ ਨਾਲ

ਅਰਤਿੰਦਰ ਸੰਧੂ ਨਾਲ ਸਾਹਿਤਕ ਸੰਵਾਦ (ਜਾਰੀ)

ਮਹਿਫ਼ਲ ਨੂੰ ਸੁਰਮਈ ਬਣਾਇਆ, ਜਦੋਂਕਿ ਵਿਜੇ ਸਿੰਘ ਨੇ ਆਪਣੀ ਕਲਾ ਰਾਹੀਂ ਸਮਾਗਮ ਵਿੱਚ ਨਵਾਂ ਰੰਗ ਭਰਿਆ। ਰਸ਼ਮਦੀਪ ਸੰਧੂ ਅਤੇ ਸੁਖਵਿੰਦਰ ਕੌਰ ਉਚੇਦੇ ਵੀ ਸਮਾਗਮ ਵਿੱਚ ਸ਼ਾਮਲ ਹੋਏ। ਅੰਤ ਵਿੱਚ ਮਨਜੀਤ ਪਲਾਹੀ ਨੇ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

ਖੇਡਾਂ

ਜਾਪਾਨ ਤੇ ਮਲੇਸ਼ੀਆ ਵਿਚਾਲੇ ਪਹਿਲਾ ਸੈਮੀ ਫ਼ਾਈਨਲ ਬੁੱਧਵਾਰ ਨੂੰ, ਦੋਵਾਂ ਟੀਮਾਂ ਵੱਲੋਂ ਅਭਿਆਸ ਜਾਰੀ - 2026 ਤੇ

ਮੋਹਾਲੀ ਦੇ ਓਲੰਪੀਅਨ ਬਲਵੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਵਿੱਚ ਭਲਕੇ 4 ਨਵੰਬਰ ਨੂੰ ਖੇਡੇ ਜਾਣ ਵਾਲੇ ਪਹਿਲੇ ਸੈਮੀ ਫਾਈਨਲ ਜੋ ਕਿ ਜਾਪਾਨ ਅਤੇ ਮਲੇਸ਼ੀਆ ਦਰਮਿਆਨ ਖੇਡਿਆ ਜਾਵੇਗਾ ਲਈ ਦੋਵਾਂ ਟੀਮਾਂ ਵੱਲੋਂ ਅਭਿਆਸ ਕੀਤਾ ਜਾ ਰਿਹਾ ਹੈ।

ਹੁਣ ਤੱਕ ਪਹਿਲਾ ਅੱਠ ਚੈਂਪੀਅਨਜ਼ ਟਰਾਫੀ ਮੁਕਾਬਲੇ ਹੋਏ ਹਨ। ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਵਿੱਚ ਜਾਪਾਨ ਦੋ ਵਾਰ ਅਤੇ ਮਲੇਸ਼ੀਆ ਇੱਕ ਵਾਰ ਫ਼ਾਈਨਲ ਵਿੱਚ ਪੁੱਜੇ ਹਨ। ਜਾਪਾਨ ਤੀਜੀ ਵਾਰ ਅਤੇ ਮਲੇਸ਼ੀਆ ਦੂਜੀ ਵਾਰ ਫ਼ਾਈਨਲ ਖੇਡਣ ਲਈ ਪੂਰੀ ਵਾਹ ਲਗਾਉਣਗੇ। ਪਹਿਲਾਂ ਹੋਈਆਂ ਚੈਂਪੀਅਨ ਟਰਾਫੀ ਵਿੱਚ ਜਾਪਾਨ ਦੋ ਵਾਰ ਤੇ ਮਲੇਸ਼ੀਆ ਇਕ ਵਾਰ ਉਪ ਜੇਤੂ ਰਿਹਾ ਹੈ। ਇਸ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਹੁਣ ਤੱਕ ਜਾਪਾਨ ਨੇ ਤਿੰਨ ਮੈਚ ਜਿੱਤੇ ਹਨ ਅਤੇ ਇਕ ਡਰਾਅ ਖੇਡਿਆ ਹੈ ਅਤੇ ਮਲੇਸ਼ੀਆ ਨੇ ਤਿੰਨ ਮੈਚ ਜਿੱਤੇ ਹਨ। ਮਲੇਸ਼ੀਆ ਨੇ ਕੁੱਲ 17 ਗੋਲ ਅਤੇ ਜਾਪਾਨ ਨੇ 9 ਗੋਲ ਕੀਤੇ ਹਨ।

ਮੌਸਮ • ਚੰਡੀਗੜ੍ਹ

ਪੰਜਾਬ ਪੰਜਾਬ-ਚੰਡੀਗੜ੍ਹ 'ਚ ਦਿਵਾਲੀ ਤੱਕ ਸਾਫ ਰਹੇਗਾ ਮੌਸਮ, ਸਵੇਰੇ-ਸ਼ਾਮ ਦੀ ਵਧੇਗੀ ਠੰਡ; ਮੌਸਮ ਵਿਭਾਗ ਦੀ ਵੱਡੀ ਭਵਿੱਖਬਾਣੀ

ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਅੱਜ 4 ਨਵੰਬਰ ਨੂੰ ਖੁਸ਼ਕ ਰਹੇਗਾ। ਮੌਸਮ ਵਿਭਾਗ ਅਨੁਸਾਰ, 9 ਨਵੰਬਰ ਤੱਕ ਸੂਬੇ ਵਿੱਚ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ।

ਪੰਜਾਬ ਅਤੇ ਚੰਡੀਗੜ੍ਹ ਵਿੱਚ ਮੌਸਮ ਹੁਣ ਬਦਲਣ ਲੱਗ ਪਿਆ ਹੈ। ਦਿਨ ਵੇਲੇ ਤੇਜ਼ ਧੁੱਪ ਨਾਲ ਹਲਕੀ ਗਰਮੀ ਹੋ ਜਾਂਦੀ ਹੈ, ਜਦੋਂ ਕਿ ਸਵੇਰ ਅਤੇ ਰਾਤ ਦਾ ਤਾਪਮਾਨ ਵਧਦਾ ਜਾ ਰਿਹਾ ਹੈ। 3 ਨਵੰਬਰ ਨੂੰ ਚੰਡੀਗੜ੍ਹ ਵਿੱਚ ਘੱਟੋ-ਘੱਟ ਤਾਪਮਾਨ 15.2 ਡਿਗਰੀ, ਮੋਹਾਲੀ 16.8 ਡਿਗਰੀ, ਅੰਮ੍ਰਿਤਸਰ 14.9 ਡਿਗਰੀ, ਲੁਧਿਆਣਾ 15 ਡਿਗਰੀ ਅਤੇ ਪਟਿਆਲਾ 15.4 ਡਿਗਰੀ ਸੀ। ਫਰੀਦਕੋਟ ਵਿੱਚ ਘੱਟੋ-ਘੱਟ ਤਾਪਮਾਨ 13 ਡਿਗਰੀ ਸੀ। ਇਸ ਸਮੇਂ ਤੇਜ਼ ਠੰਢ ਦੀ ਕੋਈ ਸੰਭਾਵਨਾ ਨਹੀਂ ਹੈ।

ਮੌਸਮ ਵਿਭਾਗ ਅਨੁਸਾਰ, ਇੱਕ ਪੱਛਮੀ ਗੜਬੜੀ ਪਹਾੜੀ ਖੇਤਰਾਂ ਵੱਲ ਵੱਧ ਰਹੀ ਹੈ। ਫਿਰ 10 ਨਵੰਬਰ ਦੇ ਆਸ-ਪਾਸ ਦੂਜਾ ਪੱਛਮੀ ਗੜਬੜੀ ਸਰਗਰਮ ਹੋ ਸਕਦੀ ਹੈ। ਇਸ ਅਸਰ ਨਾਲ ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਰਾਜਾਂ ਵਿੱਚ ਚੰਗੀ ਬਾਰਿਸ਼ ਹੋਣ ਦੀ ਉਮੀਦ ਹੈ। ਹਾਲਾਂਕਿ, ਆਉਣ ਵਾਲੇ ਮੌਸਮ ਦੀ ਭਵਿੱਖਬਾਣੀ ਵਿੱਚ ਪੰਜਾਬ ਅਤੇ ਚੰਡੀਗੜ੍ਹ ਵਿੱਚ ਬਾਰਿਸ਼ ਦੀ ਸਥਿਤੀ ਸਪੱਸ਼ਟ ਹੋਵੇਗੀ।

ਅਗਲੇ ਦੋ ਤੋਂ ਚਾਰ ਦਿਨਾਂ ਤੱਕ ਪਹਾੜਾਂ ਤੋਂ ਠੰਢੀਆਂ ਹਵਾਵਾਂ ਚੱਲਣਗੀਆਂ। ਇਹ ਹਵਾਵਾਂ ਦੀਵਾਲੀ ਤੱਕ ਤੇਜ਼ ਰਹਿਣ ਦੀ ਉਮੀਦ ਹੈ। ਇਸ ਤੋਂ ਬਾਅਦ, ਹਵਾ ਦੀ ਗਤੀ ਘੱਟ ਸਕਦੀ ਹੈ ਅਤੇ ਸਮੁੰਦਰ ਤੋਂ ਪੂਰਬੀ ਹਵਾਵਾਂ ਦਾ ਪ੍ਰਭਾਵ ਵੱਧ ਸਕਦਾ ਹੈ। ਇਸ ਘਟੀ ਹੋਈ ਹਵਾ ਦੀ ਗਤੀ ਕਾਰਨ ਪ੍ਰਦੂਸ਼ਣ ਦੇ ਕਣ ਵਾਯੂਮੰਡਲ ਵਿੱਚ ਇਕੱਠੇ ਹੋ ਸਕਦੇ ਹਨ। ਇਸ ਨਾਲ ਪੰਜਾਬ ਅਤੇ ਚੰਡੀਗੜ੍ਹ ਵਿੱਚ ਹਵਾ ਪ੍ਰਦੂਸ਼ਣ ਦੀ ਸਥਿਤੀ ਹੋਰ ਵਿਗੜਨ ਦੀ ਸੰਭਾਵਨਾ ਹੈ।

ਪੰਜਾਬ ਦੇ ਕਈ ਸ਼ਹਿਰਾਂ ਵਿੱਚ ਸਵੇਰੇ ਹਵਾ ਪ੍ਰਦੂਸ਼ਣ ਦਾ ਪੱਧਰ ਉੱਚਾ ਦਰਜ ਕੀਤਾ ਗਿਆ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜਿਆਂ ਅਨੁਸਾਰ, ਖੰਨਾ ਵਿੱਚ ਸਭ ਤੋਂ ਵੱਧ 262 ਦਰਜ ਕੀਤਾ ਗਿਆ, ਜੋ ਕਿ ਮਾੜੀ ਸ਼੍ਰੇਣੀ ਵਿੱਚ ਹੈ। ਪਟਿਆਲਾ ਵਿੱਚ ਵੀ 208 ਦੇ ਨਾਲ ਹਵਾ ਦੀ ਗੁਣਵੱਤਾ ਮਾੜੀ ਦਰਜ ਕੀਤੀ ਗਈ।

ਅੰਮ੍ਰਿਤਸਰ ਵਿੱਚ 117, ਜਲੰਧਰ ਵਿੱਚ 172, ਲੁਧਿਆਣਾ ਵਿੱਚ 141 ਅਤੇ ਮੰਡੀ ਗੋਬਿੰਦਗੜ੍ਹ ਵਿੱਚ 151 ਦਰਜ ਕੀਤਾ ਗਿਆ। ਇਨ੍ਹਾਂ ਚਾਰਾਂ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਦਰਮਿਆਨੀ ਸ਼੍ਰੇਣੀ ਵਿੱਚ ਰਹੀ। ਚੰਡੀਗੜ੍ਹ ਵਿੱਚ, ਹਵਾ ਦੀ ਗੁਣਵੱਤਾ ਤਸੱਲੀਬਖਸ਼ ਸ਼੍ਰੇਣੀ ਵਿੱਚ ਦਰਜ ਕੀਤੀ ਗਈ। ਸੈਕਟਰ-22 ਵਿੱਚ 63 ਅਤੇ ਸੈਕਟਰ-25 ਵਿੱਚ 78 ਸੀ।

ਖੇਡਾਂ • ਭਾਰਤ

ਮੁਹਾਲੀ 'ਚ ਕੱਲ੍ਹ ਸੈਮੀਫ਼ਾਈਨਲ, ਭਾਰਤ-ਦੱਖਣੀ ਕੋਰੀਆ ਆਹਮੋ-ਸਾਹਮਣੇ

ਭਲਕੇ 4 ਨਵੰਬਰ ਨੂੰ ਸੈਮੀ ਫ਼ਾਈਨਲ ਤੇ ਪੰਜਵੀਂ ਪੁਜੀਸ਼ਨ ਦੇ ਮੈਚ ਨਾਲ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਕੌਮਾਂਤਰੀ ਹਾਕੀ ਨਕਸ਼ੇ ’ਤੇ ਆਪਣੀ ਹਾਜ਼ਰੀ ਦਰਜ ਕਰੇਗਾ। ਇਸ ਸਟੇਡੀਅਮ ’ਚ ਪਹਿਲੀ ਵਾਰ ਕੋਈ ਕੌਮਾਂਤਰੀ ਹਾਕੀ ਮੈਚ ਖੇਡਿਆ ਜਾਵੇਗਾ। ਪੰਜਾਬ ’ਚ ਜਿੱਥੇ ਪਹਿਲੀ ਵਾਰ ਕੋਈ ਕੌਮਾਂਤਰੀ ਹਾਕੀ ਟੂਰਨਾਮੈਂਟ ਹੋਇਆ ਹੈ, ਉਥੇ ਮੁਹਾਲੀ ਵਿਖੇ ਪਹਿਲੀ ਵਾਰ ਕੋਈ ਵਾਰ ਕੌਮਾਂਤਰੀ ਹਾਕੀ ਮੈਚ ਹੋ ਰਿਹਾ ਹੈ।

ਪੰਜਾਬ ਦੀ ਧਰਤੀ ’ਤੇ ਪਹਿਲੀ ਵਾਰ ਖੇਡੇ ਜਾ ਰਹੇ ਕੌਮਾਂਤਰੀ ਹਾਕੀ ਟੂਰਨਾਮੈਂਟ ‘ਏਸ਼ੀਅਨ ਚੈਂਪੀਅਨਜ਼ ਟਰਾਫੀ’ ਦੇ ਜਲੰਧਰ ਵਿਖੇ ਲੀਗ ਮੈਚਾਂ ਦੇ ਸਫਲ ਪ੍ਰਬੰਧਨ ਤੋਂ ਬਾਅਦ ਹੁਣ ਇਸ ਟੂਰਨਾਮੈਂਟ ਦਾ ਦੂਜਾ ਮੇਜ਼ਬਾਨ ਸ਼ਹਿਰ ਮੁਹਾਲੀ ਨਾਕ ਆਊਟ ਮੁਕਾਬਲਿਆਂ ਲਈ ਤਿਆਰ ਹੈ।

ਸ਼ਾਮ ਸਾਢੇ ਚਾਰ ਵਜੇ ਪਹਿਲੇ ਸੈਮੀ ਫ਼ਾਈਨਲ ’ਚ ਜਾਪਾਨ ਤੇ ਮਲੇਸ਼ੀਆ ਅਤੇ ਸ਼ਾਮ ਸੱਤ ਵਜੇ ਦੂਜੇ ਸੈਮੀ ਫ਼ਾਈਨਲ ਲਈ ਭਾਰਤ ਤੇ ਦੱਖਣੀ ਕੋਰੀਆ ਆਹਮੋ-ਸਾਹਮਣੇ ਹੋਣਗੇ। ਚਾਰੇ ਟੀਮਾਂ 5 ਨਵੰਬਰ ਨੂੰ ਮੁਹਾਲੀ ਵਿਖੇ ਹੀ ਹੋਣ ਵਾਲੇ ਫ਼ਾਈਨਲ ਮੁਕਾਬਲੇ ਵਿੱਚ ਪੁੱਜਣ ਲਈ ਪੂਰਾ ਜ਼ੋਰ ਲਗਾਉਣਗੀਆਂ। ਸੈਮੀ ਫ਼ਾਈਨਲ ਵਿੱਚ ਹਾਰਨ ਵਾਲੀਆਂ ਦੋਵੇਂ ਟੀਮਾਂ ਕਾਂਸੀ ਦੇ ਤਮਗ਼ੇ ਲਈ ਖੇਡਣਗੀਆਂ।

ਮੁਹਾਲੀ 'ਚ ਕੱਲ੍ਹ ਸੈਮੀਫ਼ਾਈਨਲ, ਭਾਰਤ-ਦੱਖਣੀ ਕੋਰੀਆ ਆਹਮੋ-ਸਾਹਮਣੇ (ਜਾਰੀ)

ਹੁਣ ਤੱਕ ਪਹਿਲਾ ਅੱਠ ਚੈਂਪੀਅਨਜ਼ ਟਰਾਫੀ ਮੁਕਾਬਲੇ ਹੋਏ ਹਨ ਜਿਨ੍ਹਾਂ ’ਚ ਸਭ ਤੋਂ ਵੱਧ ਵਾਰ ਭਾਰਤ ਨੇ ਛੇ ਵਾਰ ਫ਼ਾਈਨਲ ਖੇਡਿਆ ਹੈ। ਭਾਰਤ ਇਕ ਵਾਰ ਸਾਂਝੇ ਜੇਤੂ ਸਮੇਤ ਪੰਜ ਵਾਰ ਜੇਤੂ ਬਣਿਆ ਹੈ ਅਤੇ ਇਕ ਵਾਰ ਉਪ ਜੇਤੂ ਬਣਿਆ ਹੈ। ਇਸ ਟੂਰਨਾਮੈਂਟ ’ਚ ਹਿੱਸਾ ਲੈਣ ਵਾਲੀਆਂ ਟੀਮਾਂ ’ਚ ਭਾਰਤ ਤੋਂ ਬਾਅਦ ਜਾਪਾਨ ਦੋ ਵਾਰ ਅਤੇ ਦੱਖਣੀ ਕੋਰੀਆ, ਮਲੇਸ਼ੀਆ ਤੇ ਚੀਨ ਇੱਕ-ਇੱਕ ਵਾਰ ਫ਼ਾਈਨਲ ਵਿੱਚ ਪੁੱਜੇ ਹਨ।

ਭਾਰਤ ਸੱਤਵੀਂ ਵਾਰ, ਜਾਪਾਨ ਤੀਜੀ ਵਾਰ ਅਤੇ ਦੱਖਣੀ ਕੋਰੀਆ, ਮਲੇਸ਼ੀਆ ਤੇ ਚੀਨ ਦੂਜੀ ਵਾਰ ਫ਼ਾਈਨਲ ਖੇਡਣ ਲਈ ਪੂਰੀ ਵਾਹ ਲਗਾਉਣਗੇ। ਟਰਾਫੀ ਦੀ ਦੌੜ ਵਿੱਚ ਚਾਰ ਟੀਮਾਂ ਵਿੱਚੋਂ ਭਾਰਤ ਨੇ ਹੁਣ ਪੰਜ ਵਾਰ ਟਰਾਫੀ ਜਿੱਤੀ ਹੈ ਜਦੋਂ ਕਿ ਦੱਖਣੀ ਕੋਰੀਆ ਨੇ ਇਕ ਵਾਰ ਜਿੱਤੀ ਹੈ। ਜਾਪਾਨ ਦੋ ਵਾਰ ਤੇ ਮਲੇਸ਼ੀਆ ਇਕ ਵਾਰ ਉਪ ਜੇਤੂ ਰਿਹਾ ਹੈ। ਇਸ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਭਾਰਤ ਹੁਣ ਤੱਕ ਅਜੇਤੂ ਰਿਹਾ ਹੈ

ਦੇਸ਼ • ਦਿੱਲੀ

ਮਨਪ੍ਰੀਤ ਸਿੰਘ ਬਾਦਲ ਦੀ ਧੀ ਦੇ ਰਿਸੈਪਸ਼ਨ ਵਿੱਚ ਸ਼ਾਮਿਲ ਹੋਏ ਮੋਦੀ, ਦਿੱਲੀ ਵਿੱਚ ਇਕੱਠੇ ਹੋਏ ਕਈ ਵੱਡੇ ਨੇਤਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨਪ੍ਰੀਤ ਸਿੰਘ ਬਾਦਲ ਦੀ ਧੀ ਰੀਆ ਦੇ ਵਿਆਹ ਦੇ ਰਿਸੈਪਸ਼ਨ ਵਿੱਚ ਸ਼ਿਰਕਤ ਕੀਤੀ। ਦਿੱਲੀ ਵਿੱਚ ਆਯੋਜਿਤ ਇਸ ਸਮਾਗਮ ਵਿੱਚ ਕੁਲਦੀਪ ਬਿਸ਼ਨੋਈ, ਮਨਜਿੰਦਰ ਸਿੰਘ ਸਿਰਸਾ ਅਤੇ ਕਈ ਹੋਰ ਸਿਆਸੀ ਆਗੂ ਵੀ ਸ਼ਾਮਲ ਹੋਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਿਆ ਦੇ ਵਿਆਹ ਦੇ ਰਿਸੈਪਸ਼ਨ ਵਿੱਚ ਸ਼ਿਰਕਤ ਕੀਤੀ। ਰਿਆ, ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੀ ਧੀ ਹੈ, ਜਿਸ ਦਾ ਵਿਆਹ ਕਾਂਗਰਸ ਦੇ ਦਿੱਗਜ ਆਗੂ ਕਰਨ ਸਿੰਘ ਦੇ ਪੋਤੇ ਆਰ.ਕੇ. ਮਾਰਤੰਡ ਸਿੰਘ ਨਾਲ ਹੋਇਆ ਹੈ। ਦਿੱਲੀ ਵਿੱਚ ਆਯੋਜਿਤ ਇਸ ਸਮਾਗਮ ਵਿੱਚ ਅਕਾਲੀ ਦਲ ਦੇ ਕਈ ਪ੍ਰਮੁੱਖ ਆਗੂ ਵੀ ਮੌਜੂਦ ਸਨ। ਹਰਿਆਣਾ ਦੇ ਹਿਸਾਰ ਤੋਂ ਲੋਕ ਸਭਾ ਦੇ ਸਾਬਕਾ ਸੰਸਦ ਮੈਂਬਰ ਕੁਲਦੀਪ ਬਿਸ਼ਨੋਈ ਨੇ ਵੀ ਇਸ ਵਿਆਹ ਸਮਾਗਮ ਵਿੱਚ ਸ਼ਿਰਕਤ ਕੀਤੀ।

ਕੁਲਦੀਪ ਬਿਸ਼ਨੋਈ ਨੇ 'ਐਕਸ' 'ਤੇ ਇੱਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਉਹ—ਰੇਣੁਕਾ ਅਤੇ ਭਵਿਆ ਦੇ ਨਾਲ—ਪੰਜਾਬ ਦੇ ਸਾਬਕਾ ਵਿੱਤ ਮੰਤਰੀ ਅਤੇ ਸੀਨੀਅਰ ਆਗੂ ਮਨਪ੍ਰੀਤ ਬਾਦਲ ਦੀ ਧੀ ਰਿਆ ਦੇ ਵਿਆਹ ਦੇ ਰਿਸੈਪਸ਼ਨ ਵਿੱਚ ਸ਼ਾਮਲ ਹੋਏ, ਤਾਂ ਜੋ ਨਵੇਂ ਵਿਆਹੇ ਜੋੜੇ ਨੂੰ ਆਪਣਾ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦੇ ਸਕਣ। ਉਨ੍ਹਾਂ ਕਾਮਨਾ ਕੀਤੀ ਕਿ ਇਸ ਜੋੜੇ ਦਾ ਵਿਆਹੁਤਾ ਜੀਵਨ ਹਮੇਸ਼ਾ ਪਿਆਰ, ਭਰੋਸੇ ਅਤੇ ਖੁਸ਼ੀਆਂ ਨਾਲ ਭਰਿਆ ਰਹੇ।

ਦਿੱਲੀ ਸਰਕਾਰ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਵੀ ਮਨਪ੍ਰੀਤ ਸਿੰਘ ਬਾਦਲ ਦੀ ਧੀ ਦੇ ਵਿਆਹ ਦੇ ਸਮਾਗਮ (ਰਿਸੈਪਸ਼ਨ) ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ 'ਐਕਸ' 'ਤੇ ਲਿਖਿਆ ਕਿ ਉਨ੍ਹਾਂ ਨੂੰ ਨਵੀਂ ਦਿੱਲੀ ਵਿਖੇ ਰੀਆ ਅਤੇ ਰਾਜਕੁਮਾਰ ਮਾਰਤੰਡ ਸਿੰਘ ਦੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਇਸ ਖੁਸ਼ੀ ਦੇ ਮੌਕੇ 'ਤੇ ਬਾਦਲ ਪਰਿਵਾਰ ਅਤੇ ਜੰਮੂ-ਕਸ਼ਮੀਰ ਦੇ ਸ਼ਾਹੀ ਪਰਿਵਾਰ ਵਿਚਕਾਰ ਵਿਸ਼ੇਸ਼ ਸਾਂਝ ਨੂੰ ਦੇਖਣਾ ਬਹੁਤ ਵਧੀਆ ਲੱਗਿਆ।

ਸਰਦਾਰ ਮਨਪ੍ਰੀਤ ਸਿੰਘ ਬਾਦਲ, ਸਰਦਾਰਨੀ ਵਿਨੂ ਅਤੇ ਸਮੁੱਚੇ ਪਰਿਵਾਰ ਨੂੰ ਮੇਰੇ ਵੱਲੋਂ ਦਿਲੀ ਸ਼ੁਭਕਾਮਨਾਵਾਂ। ਵਾਹਿਗੁਰੂ ਨਵੇਂ ਵਿਆਹੇ ਜੋੜੇ ਨੂੰ ਜੀਵਨ ਭਰ ਦਾ ਪਿਆਰ, ਖੁਸ਼ੀਆਂ ਅਤੇ ਇਕੱਠੇ ਬਿਤਾਏ ਅਨਮੋਲ ਪਲ ਬਖਸ਼ਣ।

ਪੰਜਾਬ

ਅਖੌਤੀ ‘ਖੁਲਾਸਿਆਂ’ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ, ਜੋ ਵੀ ਸਾਹਮਣੇ ਲਿਆਉਣਾ ਹੈ

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਮਨਘੜਤ ਕਰਾਰ ਦਿੰਦਿਆਂ ਕਿਹਾ ਕਿ ਉਹ ਸਿਧਾਂਤਕ ਅਤੇ ਸਾਫ਼-ਸੁਥਰੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਆਪਣੇ ਅਕਸ ਨੂੰ ਢਾਹ ਲਾਉਣ ਦੀ ਕਿਸੇ ਵੀ ਕੋਸ਼ਿਸ਼ ਦਾ ਡਟ ਕੇ ਜਵਾਬ ਦੇਣਗੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੇ ਸਹਿਜ ਸੁਭਾਅ ਨੂੰ ਕਮਜ਼ੋਰੀ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ, “ਮੈਂ ਭੋਲਾ ਹੋ ਸਕਦਾ ਹਾਂ, ਪਰ ਕਮਜ਼ੋਰ ਬਿਲਕੁਲ ਨਹੀਂ ਹਾਂ। ਮੈਂ ਕਦੇ ਕਿਸੇ ਨਾਲ ਬਿਨਾਂ ਵਜ੍ਹਾ ਪਹਿਲ ਨਹੀਂ ਕਰਦਾ,



ਅਖੌਤੀ ‘ਖੁਲਾਸਿਆਂ’ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ, ਜੋ ਵੀ ਸਾਹਮਣੇ ਲਿਆਉਣਾ ਹੈ (ਜਾਰੀ)

ਪਰ ਜੇ ਕੋਈ ਨਾਜਾਇਜ਼ ਤੌਰ ’ਤੇ ਮੇਰੇ ਖ਼ਿਲਾਫ਼ ਝੂਠਾ ਪ੍ਰਚਾਰ ਕਰੇ ਤਾਂ ਮੈਂ ਪਿੱਛੇ ਵੀ ਨਹੀਂ ਹਟਦਾ।” ਉਨ੍ਹਾਂ ‘ਨੰਗੀਆਂ ਤਾਰਾਂ ਨੂੰ ਹੱਥ ਨਾ ਪਾਉਣ’ ਦੀ ਟਿੱਪਣੀ ਕਰਦਿਆਂ ਵਿਰੋਧੀਆਂ ਨੂੰ ਉਨ੍ਹਾਂ ਦੀ ਚੁੱਪ ਨੂੰ ਕਮਜ਼ੋਰੀ ਨਾ ਸਮਝਣ ਲਈ ਕਿਹਾ।

ਮਜੀਠੀਆ ਵੱਲੋਂ ਪਹਿਲਾਂ ਕੀਤੀ ਗਈ ਬਿਆਨਬਾਜ਼ੀ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਪੀ.ਪੀ.ਐੱਸ.ਸੀ. ਦੇ ਮੈਂਬਰ ਬੱਬੂ ਧੀਰ ਦੇ ਫਾਰਮ ਹਾਊਸ ਵਿਖੇ ਹੋਏ ਇੱਕ ਧਾਰਮਿਕ ਸਮਾਗਮ ਦਾ ਹਵਾਲਾ ਦਿੱਤਾ। ਅਰੋੜਾ ਅਨੁਸਾਰ, ਸਮਾਗਮ ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਆਏ ਰਾਗੀ ਜਥਿਆਂ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਸੀ।

ਅਰੋੜਾ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਉਨ੍ਹਾਂ ਤੋਂ ਇਲਾਵਾ ਬਿਕਰਮ ਸਿੰਘ ਮਜੀਠੀਆ, ਪ੍ਰਤਾਪ ਸਿੰਘ ਬਾਜਵਾ, ਗੁਰਮੀਤ ਸਿੰਘ ਖੁੱਡੀਆਂ ਅਤੇ ਹੋਰ ਆਗੂ ਵੀ ਸੱਦੇ ਗਏ ਸਨ। ਉਨ੍ਹਾਂ ਕਿਹਾ ਕਿ ਜਗ੍ਹਾ ਸੀਮਤ ਹੋਣ ਕਾਰਨ ਉਹ ਮੱਥਾ ਟੇਕਣ ਤੋਂ ਬਾਅਦ ਉੱਥੇ ਹੀ ਨੇੜੇ ਬੈਠ ਗਏ ਸਨ। ਉਨ੍ਹਾਂ ਦੋਸ਼ ਲਾਇਆ ਕਿ ਅਗਲੇ ਦਿਨ ਮਜੀਠੀਆ ਨੇ ਮੀਡੀਆ ਵਿੱਚ ਇਹ ਗ਼ਲਤ ਦਾਅਵਾ ਕਰ ਦਿੱਤਾ ਕਿ ਉਹ ਆਪਣੇ ਮੁੱਖ ਮੰਤਰੀ ਖ਼ਿਲਾਫ਼ ਗੱਲਬਾਤ ਕਰ ਰਹੇ ਸਨ।

ਇਸ ਦਾਅਵੇ ਨੂੰ ਸਿਰੇ ਤੋਂ ਨਕਾਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਹਜ਼ੂਰੀ ਨਾਲ ਜੁੜੇ ਕਿਸੇ ਸਮਾਗਮ ਬਾਰੇ ਅਜਿਹੀ ਬਿਆਨਬਾਜ਼ੀ ਕਰਨੀ ਬੇਹੱਦ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਸਿਆਸੀ ਮਤਭੇਦ ਆਪਣੀ ਜਗ੍ਹਾ ਹਨ, ਪਰ ਕਿਸੇ ਦੇ ਨਾਂ ਨਾਲ ਮਨਘੜਤ ਗੱਲਾਂ ਜੋੜ ਕੇ ਲੋਕਾਂ ਨੂੰ ਗੁਮਰਾਹ ਕਰਨਾ ਠੀਕ ਨਹੀਂ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਉਸ ਸਮੇਂ ਵੀ ਮਜੀਠੀਆ ਨੂੰ ਚੁਣੌਤੀ ਦਿੱਤੀ ਸੀ ਕਿ ਜੇ ਉਨ੍ਹਾਂ ਦੇ ਦਾਅਵੇ ਵਿੱਚ ਰਤਾ ਵੀ ਸੱਚਾਈ ਹੈ ਤਾਂ ਉਹ ਉਨ੍ਹਾਂ ਨਾਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਜਾ ਕੇ ਸਹੁੰ ਚੁੱਕਣ। ਅਰੋੜਾ ਨੇ ਦਾਅਵਾ ਕੀਤਾ ਕਿ ਇਸ ਚੁਣੌਤੀ ਤੋਂ ਬਾਅਦ ਮਜੀਠੀਆ ਨੇ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਹ ਅੱਜ ਵੀ ਆਪਣੀ ਗੱਲ ’ਤੇ ਕਾਇਮ ਹਨ।

ਵਿਰੋਧੀਆਂ ਵੱਲੋਂ ਹੋਰ ‘ਖੁਲਾਸੇ’ ਕਰਨ ਸਬੰਧੀ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਅਮਨ ਅਰੋੜਾ ਨੇ ਕਿਹਾ ਕਿ ਉਹ ਅਜਿਹੀਆਂ ਧਮਕੀਆਂ ਤੋਂ ਘਬਰਾਉਣ ਵਾਲੇ ਨਹੀਂ ਹਨ। ਉਨ੍ਹਾਂ ਕਿਹਾ, “ਮੈਂ ਉਨ੍ਹਾਂ ਦੇ ਖੁਲਾਸਿਆਂ ਦਾ ਇੰਤਜ਼ਾਰ ਕਰ ਰਿਹਾ ਹਾਂ। ਉਹ ਪੂਰੀ ਤਿਆਰੀ ਕਰ ਲੈਣ ਅਤੇ ਜੋ ਵੀ ਸਾਹਮਣੇ ਲਿਆਉਣਾ ਚਾਹੁੰਦੇ ਹਨ, ਲੈ ਆਉਣ। ਮੈਂ ਕਦੇ ਕੋਈ ਗ਼ਲਤ ਕੰਮ ਨਹੀਂ ਕੀਤਾ ਅਤੇ ਨਾ ਹੀ ਨਾਜਾਇਜ਼ ਗੱਲ ਦਾ ਸਾਥ ਦਿੱਤਾ ਹੈ।”

ਅਰੋੜਾ ਨੇ ਕਿਹਾ ਕਿ ਜਨਤਕ ਜੀਵਨ ਵਿੱਚ ਦੋਸ਼ ਲਾਉਣ ਵਾਲਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਗੱਲ ਤੱਥਾਂ ਦੇ ਆਧਾਰ ’ਤੇ ਰੱਖਣ। ਉਨ੍ਹਾਂ ਕਿਹਾ ਕਿ ਸਿਰਫ਼ ਸੁਰਖ਼ੀਆਂ ਵਿੱਚ ਰਹਿਣ ਲਈ ਕੀਤੀ ਜਾਣ ਵਾਲੀ ਬਿਆਨਬਾਜ਼ੀ ਅਤੇ ਬੇਬੁਨਿਆਦ ਦੋਸ਼ਾਂ ਨਾਲ ਲੋਕਾਂ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ।

ਅਮਨ ਅਰੋੜਾ ਨੇ ਦੋਸ਼ ਲਾਇਆ ਕਿ ਅਕਾਲੀ ਅਤੇ ਕਾਂਗਰਸੀ ਆਗੂ ਆਮ ਆਦਮੀ ਪਾਰਟੀ ਦੀ ਲੋਕ-ਪੱਖੀ ਸੋਚ ਅਤੇ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਕਾਰਨ ਬੁਖਲਾਹਟ ਵਿੱਚ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਿਆਸੀ ਬਿਆਨਬਾਜ਼ੀ ਅਤੇ ਜ਼ਮੀਨੀ ਪੱਧਰ ’ਤੇ ਕੀਤੇ ਜਾ ਰਹੇ ਕੰਮਾਂ ਵਿਚਲਾ ਫ਼ਰਕ ਸਮਝਦੇ ਹਨ ਅਤੇ ਮਨਘੜਤ ਦੋਸ਼ਾਂ ਨਾਲ ਉਨ੍ਹਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ।

ਸਿਆਸਤ

ਰਾਹੁਲ ਗਾਂਧੀ ਪੰਜਾਬ ਵਿੱਚ ਵਜਾਉਣਗੇ ਚੋਣਾਂ ਦਾ ਬਿਗੁਲ, ਭਾਜਪਾ ਕਰੇਗੀ 'ਜ਼ਖ਼ਮ 84 ਦੇ' ਸੰਮੇਲਨ, ਸਿੱਖ ਦੰਗਿਆਂ ਦੇ ਮੁੱਦੇ ’ਤੇ ਕਾਂਗਰਸ ਨੂੰ ਘੇਰੇਗੀ

ਬੁੱਧਵਾਰ ਨੂੰ, ਕਾਂਗਰਸ ਪੰਜਾਬ ਵਿਧਾਨ ਸਭਾ ਚੋਣਾਂ ਲਈ ਸਿਆਸੀ ਬਿਗਲ ਵਜਾਉਣ ਜਾ ਰਹੀ ਹੈ। ਰਾਹੁਲ ਗਾਂਧੀ ਸੰਗਰੂਰ—ਜੋ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਗ੍ਰਹਿ ਜ਼ਿਲ੍ਹਾ ਹੈ—ਵਿਖੇ ਸਥਿਤ ਫੱਗੂਵਾਲਾ ਪਿੰਡ ਵਿੱਚ ਕਾਂਗਰਸ ਦੀ ਇੱਕ ਰੈਲੀ ਨੂੰ ਸੰਬੋਧਨ ਕਰਨਗੇ। ਇਸ ਰੈਲੀ ਰਾਹੀਂ, ਪਾਰਟੀ ਕਾਨੂੰਨ-ਵਿਵਸਥਾ, ਨਸ਼ਿਆਂ ਦੀ ਸਮੱਸਿਆ ਅਤੇ ਰੁਜ਼ਗਾਰ ਵਰਗੇ ਮੁੱਦਿਆਂ 'ਤੇ 'ਆਪ' ਸਰਕਾਰ ਨੂੰ ਘੇਰਨ ਦੀ ਯੋਜਨਾ ਬਣਾ ਰਹੀ ਹੈ। ਇਸ ਦੌਰਾਨ, ਪੰਜਾਬ ਭਾਜਪਾ ਚੰਡੀਗੜ੍ਹ ਵਿੱਚ '84 ਦੇ ਜ਼ਖ਼ਮ' ਸਿਰਲੇਖ ਹੇਠ ਇੱਕ ਕਾਨਫਰੰਸ ਆਯੋਜਿਤ ਕਰੇਗੀ। ਇਸ ਵਿੱਚ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਪਰਿਵਾਰ, ਚਸ਼ਮਦੀਦ ਗਵਾਹ, ਕਾਨੂੰਨੀ ਮਾਹਿਰ ਅਤੇ ਸੀਨੀਅਰ ਆਗੂ ਸ਼ਾਮਲ ਹੋਣਗੇ। ਇਸ ਜ਼ਰੀਏ ਭਾਜਪਾ ਦਾ ਇਰਾਦਾ ਇਸ ਮੁੱਦੇ 'ਤੇ ਕਾਂਗਰਸ ਪਾਰਟੀ ਨੂੰ ਘੇਰਨ ਦਾ ਹੈ।

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਬਿਸਾਤ ਵਿਛਣੀ ਸ਼ੁਰੂ ਹੋ ਗਈ ਹੈ। ਸੀਨੀਅਰ ਕਾਂਗਰਸੀ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਬੁੱਧਵਾਰ, 4 ਨਵੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਤੋਂ ਪਾਰਟੀ ਦੀ ਚੋਣ ਮੁਹਿੰਮ ਦਾ ਆਗਾਜ਼ ਕਰਨ ਜਾ ਰਹੇ ਹਨ। ਉੱਧਰ, ਇਸੇ ਦਿਨ ਪੰਜਾਬ ਭਾਜਪਾ ਚੰਡੀਗੜ੍ਹ ਵਿੱਚ ‘ਜ਼ਖ਼ਮ 84 ਦੇ’ ਨਾਮ ਹੇਠ ਸੰਮੇਲਨ ਕਰਵਾਕੇ 1984 ਦੇ ਸਿੱਖ ਵਿਰੋਧੀ ਕਤਲੇਆਮ ਦਾ ਮੁੱਦਾ ਉਠਾਏਗੀ। ਭਾਜਪਾ ਇਸ ਮੰਚ ਤੋਂ ਕਾਂਗਰਸ ਨੂੰ ਘੇਰਨ ਦੀ ਤਿਆਰੀ ਵਿੱਚ ਹੈ।

ਕਾਂਗਰਸ ਦੀ ਰੈਲੀ 4 ਨਵੰਬਰ ਨੂੰ ਸਵੇਰੇ 10 ਵਜੇ ਸੰਗਰੂਰ ਦੇ ਪਿੰਡ ਫੱਗੂਵਾਲਾ ਵਿੱਚ ਹੋਵੇਗੀ। ਪਾਰਟੀ ਆਗੂ ਵਿਜੇ ਇੰਦਰ ਸਿੰਗਲਾ ਨੇ ਇਸ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕਰਾਰ ਦਿੱਤਾ ਹੈ। ਉਨ੍ਹਾਂ ਨੇ ਸਮਾਚਾਰ ਏਜੰਸੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਦੀ ਮੌਜੂਦਗੀ ਵਿੱਚ ਹੋਣ ਵਾਲੀ ਇਹ ਰੈਲੀ ਇਤਿਹਾਸਕ ਹੋਵੇਗੀ। ਇਸ ਦੌਰਾਨ ਕਾਂਗਰਸ ਪੰਜਾਬ ਦੀ ਕਾਨੂੰਨ ਵਿਵਸਥਾ, ਨਸ਼ਿਆਂ ਅਤੇ ਰੁਜ਼ਗਾਰ ਵਰਗੇ ਮੁੱਦਿਆਂ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰ ਸਕਦੀ ਹੈ।

ਸਿੰਗਲਾ ਨੇ ਦੋਸ਼ ਲਾਇਆ ਕਿ ਆਪ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਨਸ਼ਿਆਂ ਦੀ ਸਮੱਸਿਆ ਘਰ-ਘਰ ਤੱਕ ਪਹੁੰਚ ਗਈ ਹੈ ਅਤੇ ਸੂਬੇ ਵਿੱਚ ਗੈਂਗਸਟਰ ਸ਼ਰੇਆਮ ਫਿਰੌਤੀਆਂ ਮੰਗ ਰਹੇ ਹਨ। ਉਨ੍ਹਾਂ ਨੇ ਪੁਲਿਸ ਮੁਲਾਜ਼ਮਾਂ ਅਤੇ ਆਮ ਲੋਕਾਂ ਦੇ ਦਿਨ-ਦਿਹਾੜੇ ਹੋ ਰਹੇ ਕਤਲਾਂ ਦਾ ਮੁੱਦਾ ਵੀ ਉਠਾਇਆ।



ਰਾਹੁਲ ਗਾਂਧੀ ਪੰਜਾਬ ਵਿੱਚ ਵਜਾਉਣਗੇ ਚੋਣਾਂ ਦਾ ਬਿਗੁਲ, ਭਾਜਪਾ ਕਰੇਗੀ 'ਜ਼ਖ਼ਮ 84 ਦੇ'

ਰਾਹੁਲ ਗਾਂਧੀ ਪੰਜਾਬ ਵਿੱਚ ਵਜਾਉਣਗੇ ਚੋਣਾਂ ਦਾ ਬਿਗੁਲ, ਭਾਜਪਾ ਕਰੇਗੀ 'ਜ਼ਖ਼ਮ 84 ਦੇ' ਸੰਮੇਲਨ, ਸਿੱਖ ਦੰਗਿਆਂ ਦੇ ਮੁੱਦੇ ’ਤੇ ਕਾਂਗਰਸ ਨੂੰ ਘੇਰੇਗੀ (ਜਾਰੀ)

ਸਿੰਗਲਾ ਨੇ ਦਾਅਵਾ ਕੀਤਾ ਕਿ 2027 ਦੀਆਂ ਚੋਣਾਂ ਵਿੱਚ ਆਪ ਨੂੰ 10 ਤੋਂ ਵੱਧ ਸੀਟਾਂ ਨਹੀਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੱਤਾ ਵਿੱਚ ਆਉਣ 'ਤੇ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਕੰਮ ਕੀਤਾ ਜਾਵੇਗਾ। ਇਹ ਕਾਂਗਰਸੀ ਆਗੂ ਦੇ ਸਿਆਸੀ ਦੋਸ਼ ਅਤੇ ਚੋਣਾਂ ਨਾਲ ਸਬੰਧਤ ਦਾਅਵੇ ਹਨ।

ਦੂਜੇ ਪਾਸੇ, ਪੰਜਾਬ ਭਾਜਪਾ 4 ਨਵੰਬਰ ਨੂੰ ਚੰਡੀਗੜ੍ਹ ਦੇ ਸੈਕਟਰ-24 ਸਥਿਤ ਹੋਟਲ ਪਾਰਕਵਿਊ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ‘ਜ਼ਖ਼ਮ 84 ਦੇ’ ਸੰਮੇਲਨ ਕਰਵਾਏਗੀ। ਪਾਰਟੀ ਮੁਤਾਬਕ, ਇਸ ਦਾ ਮਕਸਦ 1984 ਦੇ ਸਿੱਖ ਕਤਲੇਆਮ ਦੀਆਂ ਘਟਨਾਵਾਂ, ਪੀੜਤਾਂ ਦੀ ਲੰਬੀ ਕਾਨੂੰਨੀ ਲੜਾਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਕਰਨਾ ਹੈ।

ਇਸ ਸੰਮੇਲਨ ਵਿੱਚ ਸਾਬਕਾ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ, ਸੇਵਾਮੁਕਤ ਜਸਟਿਸ ਐੱਸ.ਐੱਨ. ਢੀਂਗਰਾ, ਸੀਨੀਅਰ ਵਕੀਲ ਐੱਚ.ਐੱਸ. ਫੂਲਕਾ, ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਅਤੇ ਮਨਜਿੰਦਰ ਸਿੰਘ ਸਿਰਸਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਚਸ਼ਮਦੀਦ ਗਵਾਹਾਂ ਨੂੰ ਵੀ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਜਾਵੇਗਾ।

ਸੰਮੇਲਨ ਦੇ ਵੱਖ-ਵੱਖ ਸੈਸ਼ਨਾਂ ਵਿੱਚ 1984 ਦੇ ਕਤਲੇਆਮ ਦੀਆਂ ਘਟਨਾਵਾਂ, ਕਥਿਤ ਸਾਜ਼ਿਸ਼, ਜਾਂਚ ਦੌਰਾਨ ਹੋਈਆਂ ਕਮੀਆਂ, ਇਨਸਾਫ਼ ਦੀ ਲੜਾਈ ਅਤੇ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਵਰਗੇ ਮੁੱਦਿਆਂ 'ਤੇ ਚਰਚਾ ਹੋਵੇਗੀ। ਸਮਾਪਤੀ ਸੈਸ਼ਨ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਵੀ ਸ਼ਾਮਲ ਹੋਣਗੇ।

ਇੱਕ ਪਾਸੇ ਰਾਹੁਲ ਗਾਂਧੀ ਸੰਗਰੂਰ ਤੋਂ ਆਪ ਸਰਕਾਰ 'ਤੇ ਹਮਲਾ ਕਰਕੇ ਕਾਂਗਰਸ ਨੂੰ ਚੋਣ ਮੈਦਾਨ ਵਿੱਚ ਸਰਗਰਮ ਕਰਨ ਦੀ ਕੋਸ਼ਿਸ਼ ਕਰਨਗੇ, ਜਦਕਿ ਦੂਜੇ ਪਾਸੇ ਭਾਜਪਾ 1984 ਦੇ ਸਿੱਖ ਕਤਲੇਆਮ ਦੇ ਮੁੱਦੇ 'ਤੇ ਕਾਂਗਰਸ ਨੂੰ ਘੇਰਨ ਦੀ ਤਿਆਰੀ ਵਿੱਚ ਹੈ। ਅਜਿਹੇ ਵਿੱਚ 4 ਨਵੰਬਰ ਨੂੰ ਪੰਜਾਬ ਦੀ ਸਿਆਸਤ ਵਿੱਚ ਦੋ ਵੱਖ-ਵੱਖ ਮੰਚਾਂ ਤੋਂ ਸਿਆਸੀ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਪੰਜਾਬ

ਝੋਟਾ ਕਤਲਕਾਂਡ: ਅਸ਼ਵਨੀ ਦੀ ਦੁਕਾਨ ਢਾਹੁਣ ਵਾਲਿਆਂ ਦੀ ਪਛਾਣ ਕਰ ਰਹੀ ਸੀਬੀਆਈ, ਖੰਗਾਲ ਰਹੀ ਸੀਸੀਟੀਵੀ... 1000-1200 ਅਣਪਛਾਤਿਆਂ 'ਤੇ ਐਫਆਈਆਰ ਦਰਜ

ਝੋਟਾ ਦੀ ਹੱਤਿਆ ਦੇ ਮਾਮਲੇ ਵਿਚ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਸਟੇਟਸ ਰਿਪੋਰਟ ਤਲਬ ਕੀਤੀ ਹੈ। ਅਦਾਲਤ ਨੇ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਮਾਮਲੇ ਵਿਚ ਹੁਣ ਤੱਕ ਦੀ ਕੀਤੀ ਗਈ ਕਾਰਵਾਈ ਦਾ ਪੂਰਾ ਬਿਓਰਾ ਪੇਸ਼ ਕਰੇ। ਨਾਲ ਹੀ, ਜੇ ਦੋਸ਼ੀ ਦੇ ਮਕਾਨ ਢਾਹੇ ਗਏ ਹਨ ਤਾਂ ਉਨ੍ਹਾਂ ਦੀ ਜਾਣਕਾਰੀ ਅਤੇ ਇਸ ਲਈ ਅਪਣਾਈ ਗਈ ਕਾਨੂੰਨੀ ਪ੍ਰਕਿਰਿਆ ਦਾ ਵੀ ਵੇਰਵਾ ਦੇਣ ਲਈ ਕਿਹਾ ਹੈ।

ਮਾਨਸਾ ਵਿਚ ਐਂਟੀ ਡਰੱਗ ਐਕਟੀਵਿਸਟ ਪਰਵਿੰਦਰ ਸਿੰਘ ਝੋਟਾ ਕਤਲਕਾਂਡ ਵਿਚ ਜਾਂਚ ਏਜੰਸੀਆਂ ਦੀ ਕਾਰਵਾਈ ਲਗਾਤਾਰ ਜਾਰੀ ਹੈ। ਮਾਨਸਾ ਵਿਚ ਮੈਡੀਕਲ ਸਟੋਰ ਮਾਲਕ ਅਸ਼ਵਿਨੀ ਕੁਮਾਰ ਦੀ ਢਾਹੀ ਗਈ ਦੁਕਾਨ ਦਾ ਮਲਬਾ ਹਟਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਮਾਨਸਾ ਪੁਲਸ ਨੇ ਮੈਡੀਕਲ ਸਟੋਰ ਦਾ ਮਲਬਾ ਢਾਹੁਣ ਦੇ ਮਾਮਲੇ ਵਿਚ 1000-1200 ਅਣਪਛਾਤੇ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸੀਬੀਆਈ ਟੀਮ ਅਤੇ ਪੁਲਸ ਦੇ ਅਧਿਕਾਰੀ ਜੇਸੀਬੀ ਮਸ਼ੀਨ ਲੈ ਕੇ ਮੌਕੇ ’ਤੇ ਪਹੁੰਚੇ। ਅਧਿਕਾਰੀਆਂ ਦੀ ਮੌਜੂਦਗੀ ਵਿਚ ਦੁਕਾਨ ਦਾ ਮਲਬਾ ਹਟਾਇਆ ਗਿਆ। ਧਿਆਨ ਯੋਗ ਹੈ ਕਿ 13 ਅਕਤੂਬਰ 2026 ਨੂੰ ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿਚ ਮੈਡੀਕਲ ਸਟੋਰ ਸੰਚਾਲਕ ਅਸ਼ਵਿਨੀ ਕੁਮਾਰ ਮੁੱਖ ਦੋਸ਼ੀ ਹੈ।

ਇਸ ਦੌਰਾਨ ਝੋਟਾ ਦੀ ਹੱਤਿਆ ਦੇ ਮਾਮਲੇ ਵਿਚ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਸਟੇਟਸ ਰਿਪੋਰਟ ਤਲਬ ਕੀਤੀ ਹੈ। ਅਦਾਲਤ ਨੇ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਮਾਮਲੇ ਵਿਚ ਹੁਣ ਤੱਕ ਦੀ ਕੀਤੀ ਗਈ ਕਾਰਵਾਈ ਦਾ ਪੂਰਾ ਬਿਓਰਾ ਪੇਸ਼ ਕਰੇ। ਨਾਲ ਹੀ, ਜੇ ਦੋਸ਼ੀ ਦੇ ਮਕਾਨ ਢਾਹੇ ਗਏ ਹਨ ਤਾਂ ਉਨ੍ਹਾਂ ਦੀ ਜਾਣਕਾਰੀ ਅਤੇ ਇਸ ਲਈ ਅਪਣਾਈ ਗਈ ਕਾਨੂੰਨੀ ਪ੍ਰਕਿਰਿਆ ਦਾ ਵੀ ਵੇਰਵਾ ਦੇਣ ਲਈ ਕਿਹਾ ਹੈ।

ਮੁੱਖ ਨਿਆਇਧੀਸ਼ ਅਸ਼ਵਿਨੀ ਕੁਮਾਰ ਮਿਸ਼ਰਾ ਅਤੇ ਨਿਆਇਮੂਰਤੀ ਰੋਹਿਤ ਕਪੂਰ ਦੀ ਖੰਡਪੀਠ ਨੇ ਸੁਓ ਮੋਟੋ ਲੈ ਕੇ ਦਾਇਰ ਜਨਹਿਤ ਯਾਚਿਕਾ (ਸੁਓ ਮੋਟੋ ਪਿਲ) ਅਤੇ ਲਾਭ ਸਿੰਘ ਵੱਲੋਂ ਦਾਇਰ ਸਬੰਧਿਤ ਯਾਚਿਕਾ ’ਤੇ ਸੁਣਵਾਈ ਕਰਦਿਆਂ ਇਹ ਨਿਰਦੇਸ਼ ਦਿੱਤੇ।

ਅਣਪਛਾਤੇ ਸ਼ਬਦ ਦਾ ਮਹੱਤਵ: ਕਾਨੂੰਨਨ ਜਦੋਂ ਕੋਈ ਵੱਡੀ ਭੀੜ ਕਿਸੇ ਘਟਨਾ ਨੂੰ ਅੰਜਾਮ ਦਿੰਦੀ ਹੈ, ਤਾਂ ਪੁਲਸ ਪ੍ਰਾਇਮਰੀ ਰਿਪੋਰਟ ਵਿਚ ਵੱਡੀ ਗਿਣਤੀ ਵਿਚ “ਅਣਪਛਾਤੇ ਵਿਅਕਤੀਆਂ” ਨੂੰ ਨਾਮਜ਼ਦ ਕਰਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ 1200 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਬਲਕਿ ਪੁਲਸ ਸੀਸੀਟੀਵੀ ਫੁਟੇਜ ਅਤੇ ਵੀਡੀਓ ਦੇ ਆਧਾਰ ’ਤੇ ਉਪਦਰਵੀਆਂ ਦੀ ਪਛਾਣ ਕਰ ਰਹੀ ਹੈ।

ਤਣਾਅਪੂਰਨ ਸਥਿਤੀ ਅਤੇ ਹੋਰ ਐਫਆਈਆਰ: ਝੋਟਾ ਕਤਲਕਾਂਡ ਤੋਂ ਬਾਅਦ ਮਾਨਸਾ ਵਿਚ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਸੇ ਸਿਲਸਿਲੇ ਵਿਚ ਪ੍ਰਦਰਸ਼ਨਕਾਰੀਆਂ (ਜਿਵੇਂ ਦਲਜੀਤ ਸਿੰਘ ਦੀ ਮੌਤ

ਝੋਟਾ ਕਤਲਕਾਂਡ: ਅਸ਼ਵਨੀ ਦੀ ਦੁਕਾਨ ਢਾਹੁਣ ਵਾਲਿਆਂ ਦੀ ਪਛਾਣ ਕਰ ਰਹੀ ਸੀਬੀਆਈ, ਖੰਗਾਲ ਰਹੀ ਸੀਸੀਟੀਵੀ... 1000-1200 ਅਣਪਛਾਤਿਆਂ 'ਤੇ ਐਫਆਈਆਰ ਦਰਜ (ਜਾਰੀ)

ਦੇ ਮਾਮਲੇ ਵਿਚ) ਅਤੇ ਪੁਲਸ ਵਿਚਕਾਰ ਹੋਈਆਂ ਝੜਪਾਂ ਤੋਂ ਬਾਅਦ ਵੀ ਲੱਖਾ ਸਿਧਾਣਾ ਸਮੇਤ ਕਈ ਐਕਟੀਵਿਸਟਾਂ ਅਤੇ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲਸ ਟੀਮਾਂ ’ਤੇ ਹਮਲਾ ਕਰਨ ਦੇ ਦੋਸ਼ ਵਿਚ ਵੱਖਰੇ ਤੌਰ ’ਤੇ ਕੇਸ ਦਰਜ ਕਰਕੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ।

ਮਾਮਲੇ ਦੀ ਮੌਜੂਦਾ ਸਥਿਤੀ: ਕਿਉਂਕਿ ਕੈਮਿਸਟ ਦੀ ਦੁਕਾਨ ਢਾਹੇ ਜਾਣ ਅਤੇ ਅੱਗਜ਼ਨੀ ਨਾਲ ਜੁੜੇ ਮੁੱਖ ਹੱਤਿਆ ਦੇ ਮਾਮਲੇ ਦੀ ਜਾਂਚ ਹੁਣ ਸੀਬੀਆਈ ਕੋਲ ਹੈ, ਇਸ ਲਈ ਸਥਾਨਕ ਪੁਲਸ ਅਤੇ ਕੇਂਦਰੀ ਏਜੰਸੀਆਂ ਦੋਵੇਂ ਹੀ ਹਿੰਸਾ ਫੈਲਾਉਣ ਵਾਲੇ ਚਿਹਰਿਆਂ ਦੀ ਪਛਾਣ ਵਿਚ ਜੁਟੀਆਂ ਹੋਈਆਂ ਹਨ। ਪੁਲਸ ਸੀਸੀਟੀਵੀ ਫੁਟੇਜ ਅਤੇ ਵੀਡੀਓ ਦੇ ਆਧਾਰ ’ਤੇ ਉਪਦਰਵੀਆਂ ਦੀ ਪਛਾਣ ਕਰ ਰਹੀ ਹੈ।

ਪੰਜਾਬ

ਕੋਟਕਪੂਰਾ 'ਚ ਪੀਆਰਟੀਸੀ ਬੱਸ ਦੀ ਟੱਕਰ ਨਾਲ ਸਕੂਟਰੀ ਸਵਾਰ ਨਰਸਿੰਗ ਵਿਦਿਆਰਥਣ ਜ਼ਖਮੀ

ਕੋਟਕਪੂਰਾ ਦੇ ਫਰੀਦਕੋਟ ਰੋਡ 'ਤੇ ਬੁੱਧਵਾਰ ਸਵੇਰੇ ਪੀਆਰਟੀਸੀ ਬੱਸ ਅਤੇ ਸਕੂਟਰੀ ਵਿਚਕਾਰ ਹੋਈ ਟੱਕਰ ਦੌਰਾਨ ਸਕੂਟਰੀ ਸਵਾਰ ਨਰਸਿੰਗ ਵਿਦਿਆਰਥਣ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ।

ਜਾਣਕਾਰੀ ਅਨੁਸਾਰ ਜਸ਼ਨਪ੍ਰੀਤ ਕੌਰ ਕੋਟਕਪੂਰਾ ਦੇ ਬਾਬਾ ਫਰੀਦ ਨਰਸਿੰਗ ਕਾਲਜ ਵਿਖੇ ਜੀਐਨਐਮ ਦੀ ਪੜ੍ਹਾਈ ਕਰ ਰਹੀ ਹੈ ਅਤੇ ਇਨ੍ਹੀਂ ਦਿਨੀਂ ਪਿੰਡ ਢਾਬ ਗੁਰੂ ਕੀ ਵਿਖੇ ਆਪਣੇ ਮਾਮਾ ਰਣਜੀਤ ਸਿੰਘ ਦੇ ਘਰ ਰਹਿ ਰਹੀ ਸੀ। ਉਹ ਹਰ ਰੋਜ਼ ਸਕੂਟਰੀ ਰਾਹੀਂ ਕਾਲਜ ਆਉਂਦੀ-ਜਾਂਦੀ ਸੀ। ਬੁੱਧਵਾਰ ਸਵੇਰੇ ਵੀ ਉਹ ਸਕੂਟਰੀ 'ਤੇ ਸਵਾਰ ਹੋ ਕੇ ਕਾਲਜ ਜਾ ਰਹੀ ਸੀ। ਜਦੋਂ ਉਹ ਫਰੀਦਕੋਟ ਰੋਡ ਉਤੇ ਗਾਂਧੀ ਗਰਲਜ਼ ਕਾਲਜ ਨੇੜੇ ਪਹੁੰਚੀ ਤਾਂ ਪਿੱਛੋਂ ਆ ਰਹੀ ਪੀਆਰਟੀਸੀ ਦੀ ਬੱਸ ਨੇ ਉਸ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਟੱਕਰ ਲੱਗਣ ਕਾਰਨ ਉਹ ਸੜਕ 'ਤੇ ਡਿੱਗ ਪਈ ਅਤੇ ਕਾਫੀ ਸੱਟਾਂ ਲੱਗੀਆਂ।

ਮੌਕੇ ਉਤੇ ਮੌਜੂਦ ਲੋਕਾਂ ਨੇ ਜ਼ਖਮੀ ਵਿਦਿਆਰਥਣ ਨੂੰ ਤੁਰਤ ਸਿਵਲ ਹਸਪਤਾਲ ਕੋਟਕਪੂਰਾ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਫਰੀਦਕੋਟ ਰੈਫਰ ਕਰ ਦਿੱਤਾ।

ਸੂਚਨਾ ਮਿਲਣ 'ਤੇ ਥਾਣਾ ਸਿਟੀ ਪੁਲਿਸ ਦੀ ਟੀਮ ਮੌਕੇ ਉਤੇ ਪਹੁੰਚੀ। ਇਸ ਸਬੰਧੀ ਏਐਸਆਈ ਸਲਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਬੱਸ ਅਤੇ ਸਕੂਟਰੀ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਪੰਜਾਬ

ਪੰਜਾਬ ਕਾਂਗਰਸ 'ਚ ਅਨੁਸ਼ਾਸਨਹੀਣਤਾ 'ਤੇ ਵੱਡੀ ਕਾਰਵਾਈ

ਕਾਂਗਰਸ ਭਵਨ ਵਿੱਚ ਹੋਈ ਕਥਿਤ ਤਕਰਾਰ ਹੁਣ ਪਾਰਟੀ ਦੀ ਅਨੁਸ਼ਾਸਨੀ ਕਾਰਵਾਈ ਤੱਕ ਪਹੁੰਚ ਗਈ ਹੈ। ਬਰਿੰਦਰ ਸਿੰਘ ਢਿੱਲੋਂ ਨੂੰ ਨੋਟਿਸ ਜਾਰੀ ਕਰਕੇ ਸਿਰਫ਼ 3 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ।

ਪੰਜਾਬ ਕਾਂਗਰਸ ਵਿੱਚ ਅਨੁਸ਼ਾਸਨਹੀਣਤਾ ਨੂੰ ਲੈ ਕੇ ਪਾਰਟੀ ਲੀਡਰਸ਼ਿਪ ਨੇ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਪਾਰਟੀ ਆਗੂ ਬਰਿੰਦਰ ਸਿੰਘ ਢਿੱਲੋਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਉਨ੍ਹਾਂ 'ਤੇ ਕਾਂਗਰਸ ਭਵਨ ਵਿੱਚ ਇੱਕ ਹੋਰ ਆਗੂ ਨਾਲ ਬਦਸਲੂਕੀ ਕਰਨ ਅਤੇ ਗਾਲੀ-ਗਲੋਚ ਕਰਨ ਦੇ ਦੋਸ਼ ਲੱਗੇ ਹਨ।

ਇਹ ਮਾਮਲਾ ਪੰਜਾਬ ਕਾਂਗਰਸ ਦੇ ਆਗੂ ਰਣਜੀਤ ਸਿੰਘ ਤਰਖਾਣਮਾਜਰਾ ਨਾਲ ਕਥਿਤ ਤੌਰ 'ਤੇ ਹੋਈ ਬਦਸਲੂਕੀ ਨਾਲ ਸਬੰਧਤ ਹੈ। ਦੋਸ਼ ਹਨ ਕਿ ਕਾਂਗਰਸ ਭਵਨ ਵਿੱਚ ਦੋਵਾਂ ਵਿਚਾਲੇ ਹੋਈ ਤਕਰਾਰ ਦੌਰਾਨ ਮਾਮਲਾ ਇੰਨਾ ਵਧ ਗਿਆ ਕਿ ਗਾਲੀ-ਗਲੋਚ ਤੱਕ ਨੌਬਤ ਪਹੁੰਚ ਗਈ। ਇਸ ਘਟਨਾ ਨੇ ਪਾਰਟੀ ਦੇ ਅੰਦਰੂਨੀ ਮਾਹੌਲ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ।

ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੇ ਹੁਣ ਬਰਿੰਦਰ ਸਿੰਘ ਢਿੱਲੋਂ ਤੋਂ ਜਵਾਬ ਮੰਗਿਆ ਹੈ। ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਵਿੱਚ ਘਟਨਾ ਸਬੰਧੀ ਆਪਣਾ ਪੱਖ ਸਪੱਸ਼ਟ ਕਰਨ ਲਈ ਕਿਹਾ ਗਿਆ ਹੈ। ਇਸ ਕਾਰਵਾਈ ਨੂੰ ਪਾਰਟੀ ਅੰਦਰ ਅਨੁਸ਼ਾਸਨ ਬਣਾਈ ਰੱਖਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਜਾਣਕਾਰੀ ਅਨੁਸਾਰ, ਇਹ ਕਾਰਨ ਦੱਸੋ ਨੋਟਿਸ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਵਤਾਰ ਹੈਨਰੀ ਵੱਲੋਂ ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਢਿੱਲੋਂ ਨੂੰ ਇਸ ਮਾਮਲੇ ਵਿੱਚ ਆਪਣਾ ਜਵਾਬ ਦੇਣ ਲਈ ਤਿੰਨ ਦਿਨਾਂ ਦਾ ਸਮਾਂ ਦਿੱਤਾ ਹੈ। ਹੁਣ ਪਾਰਟੀ ਦੀ ਨਜ਼ਰ ਇਸ ਗੱਲ 'ਤੇ ਹੈ ਕਿ ਉਹ ਨਿਰਧਾਰਤ ਸਮੇਂ ਅੰਦਰ ਕੀ ਸਪੱਸ਼ਟੀਕਰਨ ਦਿੰਦੇ ਹਨ।

ਨੋਟਿਸ ਜਾਰੀ ਹੋਣ ਨਾਲ ਪੰਜਾਬ ਕਾਂਗਰਸ ਦੇ ਅੰਦਰੂਨੀ ਸਿਆਸੀ ਮਾਹੌਲ ਵਿੱਚ ਸਰਗਰਮੀ ਵਧ ਗਈ ਹੈ। ਇੱਕ ਪਾਸੇ ਪਾਰਟੀ ਆਗੂਆਂ ਵਿਚਾਲੇ ਹੋਈ ਕਥਿਤ ਤਕਰਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਉੱਥੇ ਹੀ ਦੂਜੇ ਪਾਸੇ ਲੀਡਰਸ਼ਿਪ ਵੱਲੋਂ ਇਸ ਮਾਮਲੇ ਵਿੱਚ ਜਵਾਬਦੇਹੀ ਤੈਅ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਘਟਨਾਕ੍ਰਮ ਨੇ ਇੱਕ ਵਾਰ ਫਿਰ ਪਾਰਟੀ ਦੇ ਅੰਦਰ ਅਨੁਸ਼ਾਸਨ ਅਤੇ ਆਗੂਆਂ ਦੇ ਆਪਸੀ ਤਾਲਮੇਲ ਦਾ ਮੁੱਦਾ ਸਾਹਮਣੇ ਲਿਆਂਦਾ ਹੈ। ਕਾਂਗਰਸ ਭਵਨ ਵਰਗੇ ਪਾਰਟੀ ਦੇ ਅਹਿਮ ਸਥਾਨ 'ਤੇ ਅਜਿਹੀ ਘਟਨਾ ਦੇ ਦੋਸ਼ ਲੱਗਣ ਕਾਰਨ ਮਾਮਲਾ ਹੋਰ ਵੀ ਚਰਚਾ ਵਿੱਚ ਆ ਗਿਆ ਹੈ।

ਹਾਲਾਂਕਿ, ਬਰਿੰਦਰ ਸਿੰਘ ਢਿੱਲੋਂ ਦਾ ਇਸ ਨੋਟਿਸ ਦੇ ਜਵਾਬ ਵਿੱਚ ਕੀ ਪੱਖ ਸਾਹਮਣੇ ਆਉਂਦਾ ਹੈ, ਇਸ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ। ਤਿੰਨ ਦਿਨਾਂ ਦੀ ਸਮਾਂ-ਸੀਮਾ ਕਾਰਨ ਹੁਣ ਉਨ੍ਹਾਂ ਦੇ ਸਪੱਸ਼ਟੀਕਰਨ ਦੀ ਉਡੀਕ ਕੀਤੀ ਜਾ ਰਹੀ ਹੈ।

ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਬਰਿੰਦਰ ਸਿੰਘ ਢਿੱਲੋਂ ਆਪਣੇ ਉੱਪਰ ਲੱਗੇ ਦੋਸ਼ਾਂ ਬਾਰੇ ਕੀ ਜਵਾਬ ਦਿੰਦੇ ਹਨ ਅਤੇ ਕੀ ਉਨ੍ਹਾਂ ਦੇ ਜਵਾਬ ਤੋਂ ਬਾਅਦ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਕੋਈ ਅਗਲੀ ਅਨੁਸ਼ਾਸਨੀ ਕਾਰਵਾਈ ਕਰਦੀ ਹੈ।